# ਸਾਲਾਨਾ ਰਿਪੋਰਟ

## ਸਰਕਾਰੀ ਕਾਲਜ ਲੜਕੀਆਂ, ਪਟਿਆਲਾ

**2016-17**

ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪਰਮ ਸਤਿਕਾਰਯੋਗ **ਪ੍ਰੋ.(ਡਾ.)ਕੁਲਬੀਰ ਸਿੰਘ ਜੀ ਢਿੱਲੋਂ (ਡੀਨ ਕਾਲਜਾਂ ਅਤੇ ਡੀਨ ਵਿਦਿਆਰਥੀ ਭਲਾਈ, ਪੰਜਾਬੀ ਯੂਨੀਵਰਸਿਟੀ, ਪਟਿਆਲਾ)** ਵੱਖ-ਵੱਖ ਕਾਲਜਾਂ ਤੋਂ ਆਏ ਪ੍ਰਿੰਸੀਪਲ ਸਾਹਿਬਾਨ, ਪ੍ਰਾਧਿਆਪਕ ਮੰਡਲ, ਸਾਬਕਾ ਅਧਿਆਪਕ, ਪੀ.ਟੀ.ਏ. ਅਤੇ ਓ.ਐਸ.ਏ. ਦੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ, ਪੱਤਰਕਾਰ ਅਤੇ ਪਤਵੰਤੇ ਸੱਜਣ, ਕਾਲਜ ਦੇ ਸਟਾਫ਼ ਮੈਂਬਰਜ਼ ਤੇ ਪਿਆਰੇ ਵਿਦਿਆਰਥੀਓ।

ਅੱਜ ਦੇ ਇਸ ਇਨਾਮ ਵੰਡ ਸਮਾਰੋਹ ਵਿੱਚ ਮੈਂ ਆਪ ਸਭ ਦਾ ਤਹਿ ਦਿਲੋਂ ਸਵਾਗਤ ਕਰਦੀ ਹਾਂ ਅਤੇ ਆਪ ਸਭ ਨੂੰ '**ਜੀ ਆਇਆ ਨੂੰ**' ਆਖਦੀ ਹਾਂ। ਸਾਡੇ ਲਈ ਇਹ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਾਡੇ ਅੱਜ ਦੇ ਸਮਾਰੋਹ ਦੀ ਸ਼ੋਭਾ ਵਧਾਉਣ ਲਈ ਪ੍ਰਬੁੱਧ ਵਿਦਵਾਨ **ਪ੍ਰੋ.(ਡਾ.)ਕੁਲਬੀਰ ਸਿੰਘ ਜੀ ਢਿੱਲੋਂ** ਸਾਡੇ ਦਰਮਿਆਨ ਤਸ਼ਰੀਫ ਲਿਆਏ ਹਨ।ਸ. ਅਮਰੀਕ ਸਿੰਘ ਜੀ ਢਿੱਲੋਂ ਜੀ ਦੇ ਘਰ ਪੈਦਾ ਹੋਏ ਸ. ਕੁਲਬੀਰ ਸਿੰਘ ਜੀ ਮੂਲ ਰੂਪ ਵਿੱਚ ਇਤਿਹਾਸ ਦੇ ਗੰਭੀਰ ਖੋਜੀ ਤੇ ਵਿਦਿਵਾਨ ਹਨ, ਆਪ ਇਸ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਤਿਹਾਸ ਵਿਭਾਗ ਵਿੱਚ ਬਤੌਰ ਮੁੱਖੀ ਕਾਰਜਰੱਤ ਹਨ, ਨਾਲ ਹੀ ਡੀਨ ਕਾਲਜਾਂ , ਡੀਨ ਵਿਦਿਆਰਥੀ ਭਲਾਈ ਅਤੇ ਅਡਵਾਈਜ਼ਰ ਫੌਰਨ ਸਟੂਡੈਂਟਸ ਦੀ ਜਿੰਮੇਵਾਰੀ ਵੀ ਬਾਖੂਬੀ ਨਿਭਾ ਰਹੇ ਹਨ।ਇਤਿਹਾਸ ਦੇ ਖੇਤਰ ਵਿੱਚ ਆਪ ਜੀ ਦੀ ਡੂੰਘੀ ਦਿਲਚਸਪੀ ਹੈ ਜਿਸਦਾ ਪ੍ਰਮਾਣ ਉਹਨਾਂ ਦੇ ਬਹੁ ਗਿਣਤੀ ਵਿੱਚ ਛਪੇ ਖੋਜ ਪੱਤਰ ਅਤੇ ਪੁਸਤਕਾਂ ਹਨ।ਆਪ ਜੀ ਨੇ 50 ਤੋਂ ਵੱਧ ਰਾਸ਼ਟਰੀ /ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਸ਼ਮੂਲੀਅਤ ਕੀਤੀ ਹੈ।ਆਪ ਅਨੇਕਾਂ ਪ੍ਰਬੰਧਕੀ ਅਤੇ ਅਕਾਦਮਿਕ ਬੋਰਡਾਂ ਜਿਵੇਂ Pakistan General of History, University of Punjab Lahore (Pakistan) , GNDU Amritsar , Punjabi University Patiala, Sports ਅਤੇ Cultural ਸਲਾਹਕਾਰ ਕਮੇਟੀ ਆਦਿ ਦੇ ਮੈਂਬਰ ਵੀ ਹਨ।ਆਪ ਜੀ ਦੀ ਯੋਗ ਅਗਵਾਈ ਹੇਠ ਅਨੇਕਾਂ ਵਿਦਿਆਰਥੀ ਪੀ.ਐਚ.ਡੀ. ਅਤੇ ਐਮ.ਫਿਲ ਦੀ ਡਿਗਰੀ ਹਾਸਿਲ ਕਰ ਚੁੱਕੇ ਹਨ ਅਤੇ ਕਰ ਵੀ ਰਹੇ ਹਨ।ਡਾ.ਸਾਹਿਬ ਨੇ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਅਤੇ ਕੈਂਪਸ ਤੋਂ ਬਾਹਰ ਵੀ ਕਈ ਕਾਨਫਰੰਸਾਂ ਤੇ ਸੈਮੀਨਾਰਾਂ ਵਿੱਚ ਮੁੱਖ ਭੂਮਿਕਾਂਵਾਂ ਨਿਭਾਈਆਂ ਹਨ, ਕੁੰਜੀਵਤ ਵਕਤਾ ਦੇ ਰੂਪ ਵਿੱਚ ਅਨੇਕਾਂ ਵਿਸ਼ਿਆਂ ਤੇ ਵਿਚਾਰ ਪੇਸ਼ ਕੀਤੇ ਹਨ, ਕੌਮੀ ਸੇਵਾ ਯੋਜਨਾ ਨਾਲ ਜੁੜ ਕੇ ਸਮੇਂ-ਸਮੇਂ ਸਿਰ ਵਿਦਿਆਰਥੀਆਂ ਨੂੰ ਸਮਾਜਿਕ ਮਸਲਿਆਂ ਪ੍ਰਤੀ ਸੁਚੇਤ ਕੀਤਾ ਹੈ।ਨਿਰਸੰਦੇਵ ਡਾ. ਸਾਹਿਬ ਬਹੁਪੱਖੀ ਪ੍ਰਤਿਭਾ ਦੇ ਮਾਲਿਕ ਹਨ।

ਅਸੀ ਆਪ ਜੀ ਦੇ ਬਹੁਤ ਰਿਣੀ ਹਾਂ ਕਿ ਆਪ ਜੀ ਆਪਣੀ ਅਤਿ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਇੱਥੇ ਤਸ਼ਰੀਫ਼ ਲਿਆਏ ਹੋ, ਆਪ ਜੀ ਦੀ ਆਮਦ ਨਾਲ ਸਾਡੀਆਂ ਵਿਦਿਆਰਥਣਾਂ ਨੂੰ ਬਹੁਤ ਪ੍ਰੇਰਨਾ ਮਿਲੇਗੀ ਅਤੇ ਆਪ ਜੀ ਤੋਂ ਆਸ਼ੀਰਵਾਦ ਪ੍ਰਾਪਤ ਕਰਕੇ ਸਾਡੀਆਂ ਵਿਦਿਆਰਥਣਾਂ ਜੀਵਨ ਵਿੱਚ ਹੋਰ ਤੱਰਕੀ ਕਰਨਗੀਆਂ। ਮੈਂ ਆਪ ਜੀ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਇੱਥੇ ਆਉਣ ਤੇ ਇੱਕ ਵਾਰੀ ਫਿਰ '**ਜੀ ਆਇਆ ਨੂੰ**' ਕਹਿੰਦੀ ਹਾਂ।

## ਕਾਲਜ ਦਾ ਪਿਛੋਕੜ

ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਉੱਤਰੀ ਭਾਰਤ ਦੀ ਇੱਕ ਨਾਮਵਾਰ ਸੰਸਥਾ ਹੈ।ਮੈਂਨੂੰ ਇਹ ਦੱਸਦਿਆਂ ਬੜੀ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ 2016 ਵਿੱਚ ਰਾਸ਼ਟਰੀ ਸੰਸਥਾ ***NAAC ਵੱਲੋਂ 'ਏ' ਗਰੇਡ*** ਹਾਸਿਲ ਕਰਨ ਵਾਲੀ ਇਹ ਸੰਸਥਾ ਇਸ ਵਰ੍ਹੇ ਆਪਣੀ 75ਵੀਂ ਵਰ੍ਹੇਗੰਢ ਮਨਾ ਰਹੀ ਹੈ। 20 ਜੂਨ , 1942 ਨੂੰ ਇਸ ਦੀਆਂ ਕਲਾਸਾਂ ਵਿਕਟੋਰੀਆ ਗਰਲਜ਼ ਸਕੂਲ , ਪਟਿਆਲਾ ਵਿਖੇ ਸ਼ੁਰੂ ਹੋਈਆਂ। ਉਸ ਸਮੇਂ ਇਸ ਦਾ ਨਾਂ ਵਿਕਟੋਰੀਆ ਗਰਲਜ਼ ਕਾਲਜ ਰੱਖਿਆ ਗਿਆ।ਪੈਪਸੂ ਸਰਕਾਰ ਨੇ 1950 ਵਿੱਚ ਇਸ ਨੂੰ ਡਿਗਰੀ ਕਾਲਜ ਵਿੱਚ ਤਬਦੀਲ ਕੀਤਾ । ਇਹ ਪੈਪਸੂ ਸਰਕਾਰ ਦਾ ਪਹਿਲਾ ਲੜਕੀਆਂ ਦਾ ਡਿਗਰੀ ਕਾਲਜ ਸੀ।ਇਸ ਉਪਰੰਤ ਇਸ ਦਾ ਨਾਂ ਬਦਲ ਕੇ 'ਗੌਰਮਿੰਟ ਕਾਲਜ ਫਾਰ ਵਿਮੈਨ' ਰੱਖਿਆ ਗਿਆ।

ਕਾਲਜ ਦੀ ਵਰਤਮਾਨ ਇਮਾਰਤ ਦਾ ਰਸਮੀ ਤੌਰ ਤੇ ਉਸ ਵਕਤ ਦੇ ਉਪ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ 23 ਜਨਵਰੀ 1954 ਵਿੱਚ ਰੱਖ ਕੇ ਇਸ ਦਾ ਮਾਣ ਵਧਾਇਆ।ਮਹਾਰਾਣੀ ਮਹਿੰਦਰ ਪਾਲ ਕੌਰ ਜੀ ਨੇ 17 ਮਾਰਚ 1954 ਨੂੰ ਆਪਣੇ ਕਰ ਕਮਲਾਂ ਨਾਲ ਇਸ ਦਾ ਉਦਘਾਟਨ ਕਰਕੇ ਇਸ ਸੰਸਥਾ ਨੂੰ ਗੌਰਵ ਪ੍ਰਦਾਨ ਕੀਤਾ। ਕਾਲਜ ਵਿਖੇ 1992 ਵਿਖੇ ਹੋਏ ਗੋਲਡਨ ਜੁਬਲੀ ਸਮਾਰੋਹ ਦੌਰਾਨ ਸਵਰਗਵਾਸੀ ਸ. ਬੇਅੰਤ ਸਿੰਘ ਤਦ ਮੁੱਖ ਮੱਤਰੀ ਪੰਜਾਬ ਨੇ ਇਸ ਕਾਲਜ ਦਾ ਨਾਂ ਸਰਕਾਰੀ ਕਾਲਜ ਫਾਰ ਵਿਮੈਨ ਤੋਂ ਬਦਲ ਕੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ (ਮੌਜੂਦਾ ਨਾਮ) ਰੱਖਿਆ।ਇਸ ਸਮੇਂ ਤੋਂ ਲੈਕੇ ਹੁਣ ਇਹ ਕਾਲਜ ਮਾਲਵਾ ਖੇਤਰ ਦੀਆਂ ਲੜਕੀਆਂ ਨੂੰ ਵਧੀਆ ਅਤੇ ਮਿਆਰੀ ਢੰਗ ਨਾਲ ਸਿੱਖਿਆ ਦਿੰਦਾ ਆ ਰਿਹਾ ਹੈ।ਆਪਣੀਆਂ ਸ਼ਾਨਦਾਰ ਅਤੇ ਵਿਲੱਖਣ ਪ੍ਰਾਪਤੀਆਂ ਕਾਰਨ ਇਸ ਕਾਲਜ ਨੇ ਵਿਦਿਅਕ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ।

ਕਾਲਜ ਦੇ ਮੋਟੋ ਸੱਤਿਅਮ, ਸ਼ਿਵਮ , ਸੁੰਦਰਮ ( ਸੱਚਾ-ਸੁੱਚਾ , ਕਲਿਆਣਮਈ, ਸੋਹਣਾ) ਨੂੰ ਸਾਕਾਰ ਕਰਦਿਆਂ ਹੋਇਆਂ ਇਹ ਸੰਸਥਾ ਵਿਦਿਆਰਥਣਾਂ ਦੀ ਸਰਵਪੱਖੀ ਸ਼ਖਸ਼ੀਅਤ ਉਸਾਰੀ ਕਰਨ ਹਿੱਤ ਸਾਹਿਤਕ, ਸਭਿਆਚਾਰਕ , ਅਕਾਦਮਿਕ, ਐਨ.ਸੀ.ਸੀ. , ਐਨ.ਐਸ.ਐਸ. , ਰੈੱਡ ਕਰਾਸ ਅਤੇ ਖੇਡਾਂ ਜਿਹੀਆਂ ਗਤੀਵਿਧੀਆਂ ਪ੍ਰਫੁਲਿਤ ਕਰਦਾ ਆ ਰਿਹਾ ਹੈ। ਨਤੀਜੇ ਵਜੋਂ ਇਹ ਉੱਤਰੀ ਭਾਰਤ ਦੀ ਨਾਮਵਾਰ ਅਤੇ ਗੌਰਵਮਈ ਸੰਸਥਾ ਵਜੋਂ ਉਭਰੀ ਹੈ।ਆਰੰਭ ਵਿੱਚ ਇਸ ਕਾਲਜ ਵਿੱਚ ਵਿਦਿਆਰਥਣਾਂ ਦੀ ਗਿਣਤੀ ਲਗਭਗ 250 ਸੀ ਅਤੇ ਅੱਜ ਤਿੰਨ ਹਜਾਰ ਤੋਂ ਉਪਰ ਹੈ।

ਹੁਣ ਮੈਂ ਆਪ ਜੀ ਦੇ ਸਾਹਮਣੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਦੀ ਸਾਲ 2016-17 ਦੀ ਸਾਲਾਨਾ ਰਿਪੋਰਟ ਪੇਸ਼ ਕਰਨ ਦੀ ਖੁਸ਼ੀ ਲੈ ਰਹੀ ਹਾਂ।

## ਦਾਖਲੇ

ਇਸ ਸਾਲ ਵੱਖ-ਵੱਖ ਸ਼੍ਰੇਣੀਆਂ ਵਿੱਚ ਲਗਭਗ 3000 ਵਿਦਿਆਰਥਣਾਂ ਨੇ ਦਾਖਲਾ ਲਿਆ।ਕਾਲਜ ਵਿੱਚ ਅੰਡਰ ਗ੍ਰੈਜੂਏਟ ਕੋਰਸਜ਼ ਵਿੱਚ ਬੀ.ਏ. (ਆਰਟਸ), ਬੀ.ਐਸ.ਸੀ. (ਹੋਮ ਸਾਇੰਸ), ਬੀ.ਐਸ.ਸੀ. (ਬਾਇਓਟੈਕਨਾਲੋਜੀ ) ਅਤੇ ਬੀ.ਐਸ.ਸੀ. (ਨਾਨ ਮੈਡੀਕਲ ਕੰਪਿਊਟਰ ਐਪਲੀਕੇਸ਼ਨਜ਼) ਪੜ੍ਹਾਏ ਜਾਂਦੇ ਹਨ। ਸੈਸ਼ਨ 2014-15 ਤੋਂ ਬੀ.ਐਸ.ਸੀ. (ਮੈਡੀਕਲ) ਵੀ ਸ਼ੁਰੂ ਕੀਤੀ ਗਈ ਹੈ। ਪੋਸਟ ਗ੍ਰੈਜੂਏਟ ਕੋਰਸਜ਼ ਵਿੱਚ ਐਮ.ਏ. ( ਡਾਂਸ, ਕੋਮਲ ਕਲਾ ਅਤੇ ਸੰਗੀਤ ਗਾਇਨ) ਅਤੇ ਐਮ.ਐਸ.ਸੀ. ( ਫੂਡ ਐਂਡ ਨਿਊਟ੍ਰੀਸ਼ਨ) ਪੜ੍ਹਾਏ ਜਾਂਦੇ ਹਨ।ਬੀ.ਏ. ਆਰਟਸ ਵਿੱਚ ਵੋਕੇਸ਼ਨਲ ਵਿਸ਼ਾ ਫੰਕਸ਼ਨਲ ਇੰਗਲਿਸ਼ ਪੜਾਇਆ ਜਾਂਦਾ ਹੈ।ਅੰਗ੍ਰੇਜ਼ੀ, ਹਿੰਦੀ, ਮਨੋਵਿਗਿਆਨ , ਰਾਜਨੀਤੀ ਸ਼ਾਸਤਰ, ਫਿਲਾਸਫੀ

ਅਤੇ ਇਕਨਾਮਿਕਸ ਵਿਸ਼ਿਆਂ ਵਿੱਚ ਆਨਰਜ਼ ਦਾ ਵੀ ਪ੍ਰਬੰਧ ਹੈ।ਸੈਸ਼ਨ 2013-14 ਤੋਂ ਕਾਲਜ ਵਿੱਚ ਬੀ.ਸੀ.ਏ. , ਪੀ.ਜੀ.ਡੀ.ਸੀ.ਏ. , ਅਤੇ ਐਮ.ਐਸ.ਸੀ. (ਆਈ.ਟੀ.) (ਸੈਲਫ ਫਾਇਨਾਂਸ) ਵੀ ਸ਼ੁਰੂ ਕੀਤੀ ਗਈ ਹੈ ਜਿਸਨੂੰ ਭਰਵਾਂ ਹੁੰਗਾਰਾ ਮਿਲਿਆ ਹੈ।

## ਸਟਾਫ

ਮੌਜੂਦਾ ਸੈਸ਼ਨ ਵਿੱਚ ਕਾਲਜ ਵਿੱਚ 47 ਰੈਗੂਲਰ ਲੈਕਚਰਾਰ 01 ਕੰਟਰੈਕਚੂਅਲ ਅਤੇ 9 ਪਾਰਟ-ਟਾਈਮ ਲੈਕਚਰਾਰ ਹਨ।ਇਸ ਤੋਂ ਇਲਾਵਾ 17 ਲੈਕਚਰਾਰ ਗੈਸਟ ਫੈਕਲਟੀ ਵਜੋਂ ਅਤੇ 09 ਕਾਂਟ੍ਰੈਕਟ ਬੇਸਿਸ (ਸੈਲਫ਼ ਫਾਇਨਾਂਸ ਕੋਰਸ) ਤੇ ਪੜ੍ਹਾ ਰਹੇ ਹਨ।ਕਾਲਜ ਵਿੱਚ ਇੱਕ ਲਾਇਬ੍ਰੇਰੀਅਨ ਹਨ।

ਇਸ ਸੈਸ਼ਨ ਦੌਰਾਨ ਪ੍ਰੋ. ਵੀਨਾ ਬਾਂਸਲ, ਡਾ. ਜਗਮੋਹਨ ਸ਼ਰਮਾ, ਪ੍ਰੋ. ਸੁਭਾਸ਼ ਚੰਦਰ , ਪ੍ਰੋ. ਸੰਦੀਪ ਕੁਮਾਰ, ਡਾ. ਮੀਤੀਕਾ ਗੋਇਲ ਅਤੇ ਡਾ. ਅਮਨਦੀਪ ਕੌਰ ਬਦਲ ਕੇ ਇਸ ਕਾਲਜ ਵਿੱਚ ਆਏ ਅਤੇ ਇਸ ਕਾਲਜ ਦੇ ਡਾ. ਕਵਲਸੰਜੀਵਇੰਦਰ ਦੇਵ ਕੌਰ, ਡਾ. ਹਰਬੰਸ ਸਿੰਘ, ਪ੍ਰੋ. ਜਵਾਹਰ ਕੌਰ, ਕਾਲਜ ਵਿੱਚੋਂ ਬਦਲ ਕੇ ਗਏ।

## ਪ੍ਰਬੰਧਕੀ ਅਮਲਾ

ਕਾਲਜ ਦੇ ਦਫ਼ਤਰ ਦੇ ਪ੍ਰਬੰਧਕੀ ਅਮਲੇ ਵਿੱਚ ਇੱਕ ਸੁਪਰਡੈਂਟ ਤੋਂ ਇਲਾਵਾ 24 ਦਰਜਾ ਤਿੰਨ ਅਤੇ 14 ਦਰਜਾ ਚਾਰ ਕਰਮਚਾਰੀ ਹਨ। ਇਸ ਦੌਰਾਨ ਇਸ ਕਾਲਜ ਵਿੱਚੋਂ ਜੂਨੀ: ਸਹਾਇਕ ਸ਼੍ਰੀਮਤੀ ਚਰਨਜੀਤ ਕੌਰ ਅਤੇ ਸ਼੍ਰੀ ਵਿਜੈ ਕੁਮਾਰ (ਕਲਰਕ) ਬਦਲ ਕੇ ਗਏ ਅਤੇ ਸ਼੍ਰੀਮਤੀ ਮੀਤੂ ਬਾਲਾ , ਸ. ਬਲਵਿੰਦਰ ਸਿੰਘ, ਸ਼੍ਰੀਮਤੀ ਮਮਤਾ ਰਾਣੀ ਅਤੇ ਸ਼੍ਰੀਮਤੀ ਨਿਸ਼ੂ ਰਾਣੀ ਬਦਲ ਕੇ ਇਸ ਕਾਲਜ ਵਿੱਚ ਆਏ।

## ਅਕਾਦਮਿਕ ਪ੍ਰਾਪਤੀਆਂ

- ਐਮ.ਏ. ਭਾਗ ਦੂਜਾ (ਸੰਗੀਤ ਗਾਇਨ) ਦੀ ਲਵਪ੍ਰੀਤ ਕੌਰ ਅਤੇ ਐਮ.ਏ. ਭਾਗ ਪਹਿਲਾ (ਸੰਗੀਤ ਗਾਇਨ) ਦੀ ਵਿਦਿਆਰਥਣ ਰਜੀਆ ਨੇ ਕਾਲਜ ਵਿਚ ਪਹਿਲਾ ਸਥਾਨ ਹਾਸਿਲ ਕੀਤਾ।
- ਐਮ.ਏ. ਡਾਂਸ ਭਾਗ ਦੂਜਾ ਦੀ ਰਾਜਵਿੰਦਰ ਕੌਰ ਨੇ ਕਾਲਜ ਵਿਚ ਪਹਿਲਾ ਅਤੇ ਮਨਪ੍ਰੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਏ. ਭਾਗ ਦੂਜਾ (ਫਾਈਨ ਆਰਟਸ) ਵਿੱਚ ਨਵਨੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਗੁਰਵਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਐਮ.ਏ. ਭਾਗ ਪਹਿਲਾ (ਫਾਈਨ ਆਰਟਸ) ਦੀ ਮੋਨਿਕਾ ਕੌਸ਼ਿਲ ਨੇ ਕਾਲਜ ਵਿੱਚ ਪਹਿਲਾ ਅਤੇ ਗੁਰਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਏ. ਭਾਗ ਤੀਸਰਾ ਦੀ ਹਰਦੀਪ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਵੈਸ਼ਾਲੀ ਪਠਾਨੀਆ ਨੇ ਦੂਜਾ ਸਥਾਨ ਅਤੇ ਬੀ.ਏ. ਭਾਗ ਦੂਜਾ ਦੀ ਹਰਕਿਰਨ ਕੌਰ ਨੇ ਪਹਿਲਾ ਅਤੇ ਪਰਮਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰਾਂ ਬੀ.ਏ. ਭਾਗ ਪਹਿਲਾ ਦੀ ਰੁਪਿੰਦਰ ਕੌਰ ਨੇ ਪਹਿਲਾ ਅਤੇ ਨਰਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।

- ਐਮ.ਐਸ.ਸੀ ਫੂਡ ਐਂਡ ਨਿਊਟ੍ਰੀਸ਼ਨ ਭਾਗ ਦੂਜਾ ਦੀ ਵਿਦਿਆਰਥਣ ਸਰੀਨਾ ਸਿੱਧੂ ਨੇ ਕਾਲਜ ਅਤੇ ਯੂਨੀ. ਵਿੱਚ ਪਹਿਲਾ ਅਤੇ ਪ੍ਰੀਆ ਮਹਿਤਾ ਨੇ ਕਾਲਜ ਅਤੇ ਯੂਨੀ ਵਿੱਚ ਦੂਜਾ ਸਥਾਨ ਅਤੇ ਭਾਗ ਪਹਿਲਾ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਅਮਰਜੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ।
- ਬੀ.ਐਸ.ਸੀ. ਹੋਮ ਸਾਇੰਸ ਭਾਗ ਤੀਜਾ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ ਕਾਲਜ ਤੇ ਯੂਨੀ: ਵਿੱਚ ਦੂਜਾ ਅਤੇ ਇੰਦਰਪਾਲ ਕੌਰ ਨੇ ਕਾਲਜ ਵਿੱਚ ਦੂਜਾ ਸਥਾਨ ਅਤੇ ਯੂਨੀਵਰਸਿਟੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਭਾਗ ਦੂਜਾ ਦੀ ਵਿਦਿਆਰਥਣ ਸਮਰੀਤ ਕੌਰ ਨੇ ਕਾਲਜ ਤੇ ਯੂਨੀ: ਵਿੱਚ ਪਹਿਲਾ ਅਤੇ ਹਰਸਿਮਰਨ ਕੌਰ ਨੇ ਕਾਲਜ ਅਤੇ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਹਾਸਿਲ ਕੀਤਾ।ਬੀ.ਐਸ.ਸੀ. ਭਾਗ ਪਹਿਲਾ ਦੀ ਜਸਪ੍ਰੀਤ ਕੌਰ ਨੇ ਕਾਲਜ ਅਤੇ ਯੂਨੀ. ਵਿੱਚ ਪਹਿਲਾ ਅਤੇ ਗੁਰਪ੍ਰੀਤ ਕੌਰ ਨੇ ਕਾਲਜ ਅਤੇ ਯੂਨੀਵਰਸਿਟੀ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਬਾਇਓਟੈਕ ਭਾਗ ਤੀਜਾ ਦੀ ਵਿਦਿਆਰਥਣ ਕਿਰਨਦੀਪ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਨਵਜੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ, ਭਾਗ ਦੂਜਾ ਦੀ ਵਿਦਿਆਰਥਣ ਪਰਭਜੋਤ ਕੌਰ ਕਾਲਜ ਵਿੱਚ ਪਹਿਲਾ ਅਤੇ ਕਰਮਜੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ ਅਤੇ ਭਾਗ ਤੀਜਾ ਦੀ ਵਿਦਿਆਰਥਣ ਕੁਲਵਿੰਦਰ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਰਨਵੀਰ ਕੌਰ ਨੇ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਨਾਨ-ਮੈਡੀਕਲ ਭਾਗ ਤੀਜਾ ਦੀ ਵਿਦਿਆਰਥਣ ਗੁਰਕਿਰਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਰੁਪਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰਾਂ ਬੀ.ਐਸ.ਸੀ. ਨਾਨ -ਮੈਡੀਕਲ ਭਾਗ ਦੂਜਾ ਦੀ ਵਿਦਿਆਰਥਣ ਨਰਪਿੰਦਰ ਕੌਰ ਨੇ ਕਾਲਜ ਵਿਚ ਪਹਿਲਾ ਅਤੇ ਰੁਪਿੰਦਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ। ਬੀ.ਐਸ.ਸੀ. ਨਾਨ -ਮੈਡੀਕਲ ਭਾਗ ਪਹਿਲਾ ਦੀ ਵਿਦਿਆਰਥਣ ਪਵਨਦੀਪ ਕੌਰ ਨੇ ਕਾਲਜ ਵਿਚ ਪਹਿਲਾ ਅਤੇ ਮੀਨਾਕਸ਼ੀ ਬਾਂਸਲ ਨੇ ਦੂਜਾ ਸਥਾਨ ਹਾਸਿਲ ਕੀਤਾ।
- ਬੀ.ਐਸ.ਸੀ. ਮੈਡੀਕਲ ਭਾਗ ਦੂਜਾ ਦੀ ਵਿਦਿਆਰਥਣ ਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਮਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਸੇ ਤਰਾਂ ਬੀ.ਐਸ.ਸੀ. ਮੈਡੀਕਲ ਭਾਗ ਪਹਿਲਾ ਦੀ ਵਿਦਿਆਰਥਣ ਬਲਜੀਤ ਕੌਰ ਨੇ ਕਾਲਜ ਵਿਚ ਪਹਿਲਾ ਅਤੇ ਰਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ
- ਬੀ.ਸੀ.ਏ. ਭਾਗ ਤੀਜਾ ਦੀ ਵਿਦਿਆਰਥਣ ਸਿਮਰਜੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਰਸ਼ਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬੀ.ਸੀ.ਏ. ਭਾਗ ਦੂਜਾ ਦੀ ਵਿਦਿਆਰਥਣ ਯਾਦਪ੍ਰੀਤ ਕੌਰ ਨੇ ਪਹਿਲਾ ਅਤੇ ਮਨਪ੍ਰੀਤ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ। ਬੀ.ਸੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ ਕਾਲਜ ਵਿੱਚ ਪਹਿਲਾ ਅਤੇ ਰਮਨਦੀਪ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।
- ਐਮ.ਐਸ.ਸੀ.ਆਈ ਦੂਜਾ ਵਿੱਚ ਰਜਨੀ ਰਾਠੌਰ ਨੇ ਪਹਿਲਾ ਅਤੇ ਰਾਜਵੀਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ। ਐਮ.ਐਸ.ਸੀ.ਆਈ ਪਹਿਲਾ ਵਿੱਚ ਗੁਰਪ੍ਰੀਤ ਕੌਰ ਨੇ ਪਹਿਲਾ ਅਤੇ ਅਮਨਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।
- ਪੀ.ਜੀ.ਡੀ.ਸੀ.ਏ. ਦੀ ਲਕਸ਼ਮੀਨਾ ਰਾਣੀ ਨੇ ਪਹਿਲਾ ਅਤੇ ਮਨਵੀਰ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ।ਇਹਨਾਂ ਵਿਦਿਆਰਥਣਾਂ ਨੇ ਇਹ ਪ੍ਰਾਪਤੀਆਂ ਕਰਕੇ ਕਾਲਜ ਦਾ ਮਾਣ ਵਧਾਇਆ ਹੈ।

- **ਸਭਿਆਚਾਰਕ ਗਤੀਵਿਧੀਆਂ**

ਸਾਲ 2016-17 ਵਿੱਚ ਸਰਕਾਰੀ ਕਾਲਜ ਲੜਕੀਆਂ ਵੱਲੋਂ ਜੋਨਲ ਫੈਸਟੀਵਲ ਵਿੱਚ ਕੁੱਲ 16 ਆਈਟਮਾਂ ਵਿੱਚ ਭਾਗ ਲਿਆ ਜਿਸ ਵਿੱਚੋਂ 13 ਆਈਟਮਾਂ ਨੇ ਅਲੱਗ-ਅਲੱਗ ਸਥਾਨ ਪ੍ਰਾਪਤ ਕੀਤਾ:-

| **ਲੜੀ ਨੰਬਰ** | **ਆਈਟਮ ਦਾ ਨਾਂ** | **ਵਿਦਿਆਰਥੀ ਦਾ ਨਾਂ** |
|---|---|---|
| 1 | ਕਲਾਸੀਕਲ ਇੰਸਟਰੂਮੈਂਟ (ਨਾਨ- ਪਰਕਸ਼ਨ) | ਯਸ਼ਮੀਤ ਕੌਰ (ਐਮ.ਏ.-2) ਦੂਜਾ ਸਥਾਨ |
| 2 | ਕਲਾਸੀਕਲ ਇੰਸਟਰੂਮੈਂਟ (ਪਰਕਸ਼ਨ) | ਹਰਕਮਲ ਕੌਰ (ਬੀ.ਏ.-2) ਤੀਜਾ ਸਥਾਨ |
| 3 | ਡਿਬੇਟ | ਨਵਜੋਤ ਕੌਰ (ਬੀ.ਏ.-3)<br>ਰਜਲੀਨ (ਬੀ.ਏ.-2)<br>ਪਹਿਲਾ ਸਥਾਨ |
| 4 | ਪੋਸਟਰ ਮੇਕਿੰਗ | ਨਵਜੋਤ ਕੌਰ (ਬੀ.ਏ.-1) ਪਹਿਲਾ ਸਥਾਨ |
| 5 | ਕੋਲਾਜ | ਗੁਰਪ੍ਰੀਤ ਕੌਰ (ਐਮ.ਏ.-2) ਤੀਜਾ ਸਥਾਨ |
| 6 | ਕਾਰਟੂਨਿੰਗ | ਮੋਨਿਕਾ (ਐਮ.ਏ.-2) ਪਹਿਲਾ ਸਥਾਨ |
| 7 | ਰੰਗੋਲੀ | ਸ਼ਿੰਦਰ ਪਾਲ ਕੌਰ(ਐਮ.ਏ.-1) ਤੀਜਾ ਸਥਾਨ |
| 8 | ਕਲੇਅ | ਕਵਲਜੀਤ ਕੌਰ (ਐਮ.ਏ.-2) ਦੂਜਾ ਸਥਾਨ |
| 9 | ਕੁਇਜ਼ | ਰੋਬਿਨ (ਬੀ.ਏ.-2), ਰੁਪਿੰਦਰ ਕੌਰ(ਬੀ.ਏ.-2), ਸਰਗੁਨ (ਬੀ.ਏ.-3) ਤੀਜਾ ਸਥਾਨ |
| 10 | ਗਜ਼ਲ | ਹਿਮਾਂਸ਼ੀ( ਐਮ.ਏ.-1) ਦੂਜਾ ਸਥਾਨ |
| 11 | ਕਲਾਸੀਕਲ ਵੋਕਲ | ਮਨੀਸ਼ਾ (ਬੀ.ਏ.-3) ਤੀਜਾ ਸਥਾਨ |
| 12 | ਸ਼ਾਸ਼ਤਰੀ ਨ੍ਰਿਤ | ਆਂਚਲ (ਬੀ.ਏ.-3) ਤੀਜਾ ਸਥਾਨ |
| 13 | ਕਵਿਤਾ ਉਚਾਰਣ | ਹਰਪ੍ਰੀਤ ਕੌਰ (ਬੀ.ਏ.-3) ਚੌਥਾ ਸਥਾਨ |

- ਮਿਤੀ 24,25 ਅਤੇ 26 ਅਕਤੂਬਰ 2016 ਨੂੰ 6 ਆਈਟਿਮਾਂ ਵਿਚ ਭਾਗ ਲਿਆ ਜਿਸ ਵਿਚੋਂ 3 ਆਈਟਿਮਾਂ ਨੇ ਅਲੱਗ-2 ਸਥਾਨ ਪ੍ਰਾਪਤ ਕੀਤੇ।

| **ਲੜੀ ਨੰਬਰ** | **ਆਈਟਮ ਦਾ ਨਾਂ** | **ਵਿਦਿਆਰਥੀ ਦਾ ਨਾਂ** |
|---|---|---|
| 1 | ਡਿਬੇਟ | ਪਰਮਜੀਤ ਕੋਰ (ਬੀ.ਏ ਭਾਗ ਤੀਜਾ) ਪਹਿਲਾ ਸਥਾਨ |
| 2 | ਪੋਸਟਰ ਮੇਕਿੰਗ | ਨਵਜੋਤ ਕੋਰ (ਬੀ.ਏ ਭਾਗ ਪਹਿਲਾ) ਤੀਜਾ ਸਥਾਨ |
| 3 | ਕਲਾਸੀਕਲ ਇੰਸਟਰੂਮੈਂਟ (ਨਾਨ -ਪ੍ਰਕਸ਼ਨ) | ਯਸਮੀਤ ਕੋਰ (ਐਮ.ਏ ਭਾਗ ਦੂਜਾ) ਤੀਜਾ ਸਥਾਨ |

- ਮਿਤੀ 27,28,ਫਰਵਰੀ 2017 ਨੂੰ ਇੰਟਰ ਜ਼ੋਨਲ ਲੋਕ ਮੇਲਾ ਵਿਚ ਦੋ ਆਈਟਮਾ ਵਿੱਚ ਭਾਗ ਲਿਆ-

1. **ਫੋਕ ਕੁਇਜ਼ – ਚੌਥਾ ਸਥਾਨ** –ਹਰਪ੍ਰੀਤ ਕੌਰ ਬੀ.ਏ–3, ਰੁਪਿੰਦਰ ਕੌਰ ਬੀ.ਏ.–2, ਗੁਰਵੀਨ ਕੌਰ ਬੀ.ਏ.–3

2. **ਸੰਮੀ ਨ੍ਰਿਤ – ਤੀਜਾ ਸਥਾਨ** ਜਿਸ ਵਿਚ ਗਿਆਰਾਂ (11) ਵਿਦਿਆਰਥਣਾਂ ,ਦੀਪਾਲੀ,ਹਰਨੀਤ, ਕਮਲ, ਤਰਨਜੀਤ, ਪੂਜਾ, ਸ਼ਾਲੂ,ਅੰਜਲੀ, ਸਰਨਜੀਤ , ਰਵਣੀਤ ਅਤੇ ਵਰਖਾ ਨੇ ਭਾਗ ਲਿਆ

- ਮਿਤੀ 27,28 ਮਾਰਚ 2017 ਨੂੰ ਪੰਜਾਬ ਸਟੇਟ ਅੰਤਰ – ਵਰਸਿਟੀ ਯੂਥ ਫੈਸਟਵਿਲ, ਚੰਡੀਗੜ੍ਹ ਵਿਖੇ ਹੋਇਆ। ਜਿਸ ਵਿਚ ਇੱਕ ਵਿਦਿਆਰਥਣ ਨੇ ਡਿਬੇਟ ਵਿਚ ਭਾਗ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।

  –ਡਿਬੇਟ ਪਰਮਜੀਤ ਕੋਰ ਬੀ.ਏ (ਭਾਗ ਤੀਜਾ)

- ਪੰਜਾਬੀ ਸੂਬੇ ਦੀ 50ਵੀਂ ਵਰ੍ਹੇ ਗੰਢ ਮੋਕੇ ਪੰਜਾਬ ਸਰਕਾਰ ਵਲੋਂ ਮਨਾਏ ਗਏ ਰਾਜ ਪੱਧਰੀ ਸਮਾਰੋਹ ਦੀ (ਐਸ.ਯੂ.ਐਸ.) ਸਰਕਾਰੀ ਕਾਲਜ ਸੁਨਾਮ ਵਿਖੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਨੇ ਪੰਜਾਬੀ ਸੂਬੇ ਨਾਲ ਸਬੰਧਤ ਕੁਇਜ ਵਿਚ ਭਾਗ ਲੈ ਕੇ **ਪਹਿਲਾ ਸਥਾਨ** ਪ੍ਰਾਪਤ ਕੀਤਾ। ਇਸ ਵਿਚ ਤਿੰਨ ਵਿਦਿਆਰਥਣਾਂ ਨੇ ਭਾਗ ਲਿਆ।

  1. ਹਰਪ੍ਰੀਤ ਕੋਰ ਬੀ.ਏ (ਭਾਗ ਤੀਜਾ)
  2. ਸਰਬਜੀਤ ਕੋਰ ਬੀ.ਏ (ਭਾਗ ਤੀਜਾ)
  3. ਰੁਪਿੰਦਰ ਕੋਰ ਬੀ.ਏ (ਭਾਗ ਦੂਜਾ)
- ਪੋਸਟਰ ਮੇਕਿੰਗ ਵਿਚ ਦੂਜਾ ਸਥਾਨ ਹਾਸਿਲ ਕੀਤਾ।
- ***ਬੇਟੀ ਬਚਾਓ ਬੇਟੀ ਪੜਾਓ ਮਾਨਵ ਵਿਕਾਸ ਅਤੇ ਭਲਾਈ ਵਿਭਾਗ ਕੇਂਦਰ ਸਰਕਾਰ*** ਵੱਲੋ ਹਰਪ੍ਰੀਤ ਕੋਰ ਬੀ.ਏ (ਭਾਗ ਤੀਜਾ) ਨੂੰ ਜ਼ੈਂਡਰ ਚੈਪਿੰਅਨ ਅਤੇ ਅਨਮੋਲਦੀਪ ਕੋਰ ਬੀ.ਏ (ਭਾਗ ਤੀਜਾ) ਨੂੰ ਅਸੀਸਟੈਂਟ ਜ਼ੈਡਰ ਚੈਪਿਅਨ ਐਲਾਨਿਆ ਗਿਆ ਅਤੇ ਸਨਮਾਨ ਵਜੋ ਸਰਟੀਫਿਕੇਟ ਅਤੇ 2100/–,2100/–ਰੁ ਦੇ ਚੈਂਕ ਦਿੱਤੇ ਗਏ।
- ਕੇਦਰ ਸਰਕਾਰ ਵਲੋ ***ਵੋਟਰ ਜਾਗਰੁਕਤਾ ਮਹਿਮ*** ਅਧੀਨ ਸਵੀਪ ਪ੍ਰੋਜੈਕਟ ਦੇ ਦੋ ਵਿਦਿਆਰਥੀ ਕੈਂਪਸ ਅਮਬੈਸਡਰ ਚੁਣੇ ਗਏ।

  ਹਰਪ੍ਰੀਤ ਕੌਰ (ਬੀ.ਏ.–3 ) ਅਤੇ ਰੀਤਇੰਦਰ ਕੌਰ (ਬੀ.ਏ.–3)

- ਨਹਿਰੂ ਯੁਵਾ ਕੇਂਦਰ ਸੰਗਠਨ ਭਾਰਤ ਸਰਕਾਰ ਵੱਲੋਂ ਨੈਸ਼ਨਲ ਇੰਟਾਗਰੇਸ਼ਨ ਅਤੇ ਫੋਕ ਫੈਸਟੀਵਲ ਕੈਂਪ ਜੋ ਕਿ ਕਰਨਾਟਕਾ ਵਿਖੇ ਅਪ੍ਰੈਲ 2016 ਵਿੱਚ ਲੱਗਿਆ ਸੀ ਉਸ ਵਿੱਚ ਸਾਡੇ ਕਾਲਜ ਦੀ ਵਿਦਿਆਰਥਣ ਨੇ ਭਾਗ ਲੈਕੇ Appreciation Certificate ਪ੍ਰਾਪਤ ਕੀਤਾ।

➢ **ਸਹਿਵਿਦਿਅਕ ਗਤੀਵਿਧੀਆਂ**

- 5 ਜੂਨ 2016 ਨੂੰ ***ਵਾਤਾਵਰਣ ਦਿਵਸ*** ਦੇ ਮੌਕੇ ਕਾਲਜ ਕੈਂਪਸ ਵਿੱਚ ਪੌਦੇ ਲਗਾਏ ਗਏ ਤੇ ਵਿਦਿਆਰਥੀਆਂ ਨੂੰ ਇਹਨਾਂ ਦੀ ਸਾਂਭ–ਸੰਭਾਲ ਲਈ ਪ੍ਰੇਰਿਆ ਗਿਆ।
- 21 ਜੂਨ 2016 ਨੂੰ "***ਅੰਤਰਰਾਸ਼ਟਰੀ ਯੋਗ ਦਿਵਸ***" ਮਨਾਇਆ ਜਿਸ ਵਿੱਚ ਬਹੁ ਗਿਣਤੀ ਵਿੱਚ ਵਿਦਿਆਰਥੀ ਤੇ ਸਟਾਫ ਮੈਂਬਰ ਸ਼ਾਮਿਲ ਹੋਏ।
- 22 ਅਗਸਤ 2016 ਨੂੰ 67ਵਾਂ ਵਣ ਮਹਾਂਉਤਸਵ ਮਨਾਇਆ ਜਿਸਦਾ ਥੀਮ ਸੀ ***ਧਰਤੀ ਬਚਾਓ–ਸੁੱਖ ਪਾਓ***

- 30 ਅਗਸਤ 2016 ਨੂੰ ***ਇੱਕ ਪੇੜ ਇੱਕ ਜ਼ਿੰਦਗੀ*** ਮੁਹਿੰਮ ਨਾਲ ਜੁੜ ਕੇ ਕਾਲਜ ਕੈਂਪਸ ਵਿੱਚ ਬੂਟੇ ਲਗਵਾਏ ਅਤੇ ਸਵੱਛ ਭਾਰਤ ਮਿਸ਼ਨ ਅਧੀਨ ਚੇਤਨਾ ਰੈਲੀ ਕੱਢੀ।
- 27 ਅਕਤੂਬਰ 2016 ਨੂੰ *DIESAL LOCO MODERNISATION WORKS PTA (DLMW) ਵੱਲੋਂ Railway Vigilance Awareness week* ਮਨਾਉਂਦਿਆਂ ਸਰਕਾਰੀ ਕਾਲਜ ਲੜਕੀਆਂ ਵਿਖੇ ਕਰਾਏ ਗਏ ਭਾਸ਼ਣ ਮੁਕਾਬਲੇ ਵਿੱਚ ਬੀ.ਐਸ.ਸੀ.-1 ਮੈਡੀਕਲ ਦੀ ਵਿਦਿਆਰਥਣ ਐਸ਼ਵਰਿਆ ਕਪੂਰ ਨੇ ਪਹਿਲਾ ਸਥਾਨ ਬੀ.ਏ.-3 ਦੀ ਪਰਮਜੋਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ।
- **DLMW** ਵੱਲੋਂ ਹੀ 4.11.2016 ਨੂੰ ਕਰਾਏ ਭਾਸ਼ਣ ਮੁਕਾਬਲੇ ਵਿੱਚ ਪਰਮਜੋਤ ਕੌਰ ਨੇ ਪਹਿਲਾ ਅਤੇ ਐਸ਼ਵਰਆ ਕਪੂਰ ਨੇ ਤੀਜਾ ਸਥਾਨ ਹਾਸਿਲ ਕੀਤਾ।
- 13 ਜਨਵਜੀ 2017 ਨੂੰ ਲੋਹੜੀ ਦੇ ਸ਼ੁਭ ਮੌਕੇ ਤੇ ਲੋਹੜੀ ਧੀਆਂ ਦੀ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀ ਅਤੇ ਸਟਾਫ ਨੇ ਵੱਧ-ਚੜ ਕੇ ਹਿੱਸਾ ਲਿਆ।
- 07 ਮਾਰਚ 2017 ਨੂੰ ਐਸ.ਸੀ./ਬੀ.ਸੀ. ਵਿਆਿਰਥੀਆਂ ਲਈ ਲਕਸ਼ੈ ਇੰਸਟੀ. ਵੱਲੋਂ ਮੁਕਾਬਲੇ ਦੀਆਂ ਪ੍ਰੀਖਿਆਂਵਾਂ ਦੀ ਤਿਆਰੀ ਸਬੰਧੀ ਵਿਸ਼ੇਸ਼ ਲੈਕਚਰ ਕਰਾਇਆ ਗਿਆ।
- ***International Women's Day*** ਦੇ ਸੰਦਰਭ ਵਿੱਚ 7 ਮਾਰਚ 2017 ਨੂੰ ਇਕ ਲੇਖ ਮੁਕਾਬਲਾ ਕਰਵਾਇਆ ਗਿਆ ਜਿਸਦਾ ਵਿਸ਼ਾ ਸੀ- ਭਾਰਤੀ ਸਮਾਜ ਵਿੱਚ ਔਰਤ ਦੀ ਬਦਲਦੀ ਸਥਿਤੀ। ਹਰਪ੍ਰੀਤ ਕੌਰ ਬੀ.ਏ. -3 ਰੋਲ ਨੰ: 3049 ਨੇ ਇਸ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।
- 21 ਮਾਰਚ 2017 ਨੂੰ ASI ਸ. ਗੁਰਜਾਪ ਸਿੰਘ ਵੱਲੋਂ ***ਟਰੈਫਿਕ ਸਿਗਨਲ ਦੇ ਨਿਯਮਾਂ*** ਉਪਰ ਲੈਕਚਰ ਦਿੱਤਾ ਗਿਆ।
- 29 ਮਾਰਚ 2017 ਨੂੰ ਨਿਊਟ੍ਰੀਸ਼ਨ ਅਤੇ ਡਾਇਟੈਟਿਕਸ ਵਿਭਾਗ , NSS, RRC,NCC ਦੇ ਸਾਂਝੇ ਯਤਨਾਂ ਸਦਕਾ ***ਸੱਤਵੇਂ ਗੁਰੂ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ*** ਨੂੰ ਸਮਰਪਿਤ **ਵਾਤਾਵਰਣ ਸੰਭਾਲ** ਸੰਬੰਧੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਉਦੇਸ਼ ਸੀ ਵਿਦਿਆਰਥੀਆਂ ਨੂੰ ਕੁਦਰਤ ਅਤੇ ਕੁਦਰਤੀ ਸੋਮਿਆਂ ਦਾ ਸਤਿਕਾਰ ਕਰਨ ਲਈ ਪ੍ਰੇਰਨਾ।
- 07 ਅਪਰੈਲ 2017 ਨੂੰ **WORLD HEALTH DAY** ਦੇ ਮੌਕੇ ਤੇ ਸ਼੍ਰੀਮਤੀ ਮੰਜੂ ਮਹਿੰਦਰੂ (psychiatrist ) ਦਾ ਲੈਕਚਰ ਕਰਵਾਇਆ ਗਿਆ ਜਿਸਦਾ ਵਿਸ਼ਾ ਸੀ **–**

  ***Depression-Lets Talk***

## ➢ ਵਿਭਾਗੀ ਗਤੀਵਿਧੀਆਂ

ਕਾਲਜ ਵਿੱਚ ਸੈਸ਼ਨ ਦੇ ਆਰੰਭ ਤੋਂ ਹੀ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਵੱਖ-ਵੱਖ ਵਿਭਾਗਾਂ ਵੱਲੋਂ 'ਟੈਲੰਟ ਹੰਟ' ਮੁਕਾਬਲੇ ਕਰਵਾਏ ਜਾਂਦੇ ਹਨ।ਸੈਸ਼ਨ 2015-16 ਦੇ ਆਰੰਭ ਵਿੱਚ ਹੀ ਫਾਈਨ ਆਰਟਸ, ਸੰਗੀਤ ਗਾਇਨ, ਸੰਗੀਤ ਵਾਦਨ ਅਤੇ ਡਾਂਸ ਵਿਭਾਗ ਵੱਲੋਂ ਟੈਲੰਟ ਹੰਟ (ਪ੍ਰਤਿਭਾ ਖੋਜ) ਮੁਕਾਬਲੇ ਕਰਵਾਏ ਗਏ।ਸਾਰੇ ਟੈਲੰਟ ਹੰਟ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਆਗਾਮੀ ਯੁਵਕ ਮੇਲਿਆਂ ਲਈ ਵਿਦਿਆਰਥੀਆਂ ਦੀ ਚੋਣ ਕੀਤੀ ਗਈ।

**ਫਾਈਨ ਆਰਟਸ ਵਿਭਾਗ**

ਫਾਈਨ ਆਰਟਸ ਵਿਭਾਗ ਵੱਲੋਂ ਮਿਤੀ 18.04.2016 ਨੂੰ **ਅੰਤਰ ਰਾਸ਼ਟਰੀ ਕਲਾਕਾਰ ਸ. ਆਰ.ਐਮ. ਸਿੰਘ ਦੇ ਲੈਕਚਰ ਕਮ ਡੈਮੋਂਸਟ੍ਰੇਸ਼ਨ** ਕਰਵਾਇਆ ਗਿਆ।1 ਜੂਨ ਤੋਂ 10 ਜੂਨ ਤੱਕ ਵਿਭਾਗਾਂ ਦੇ ਪੋਸਟ ਗਰੈਜੂਏਟ ਵਿਦਿਆਰਥੀਆਂ ਵੱਲੋਂ NZCC ਪਟਿਆਲਾ ਦੀ **ਵਿਰਸਾ ਵਿਹਾਰ ਆਰਟ ਗੈਲਰੀ** ਵਿੱਚ *ਚਿੱਤਰ ਪ੍ਰਦਰਸ਼ਨੀ* ਲਗਾਈ ਗਈ ।16 ਜੂਨ ਤੋਂ 25 ਜੂਨ 2016 ਤੱਕ ਇਸੀ ਆਰਟ ਗੈਲਰੀ ਵਿੱਚ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਦੀ ਚਿੱਤਰ ਪ੍ਰਦਰਸ਼ਨੀ ਆਯੋਜਿਤ ਕੀਤੀ ਗਈ।7, 8, 9 ਅਕਤੂਬਰ 2016 ਨੂੰ ***ਵਿਦਿਆਸਾਗਰ ਗਰੁੱਪ ਆਫ ਇੰਸਟੀਚਿਊਟ*** ਵਿਖੇ ਖੇਤਰੀ ਯੁਵਕ ਮੇਲੇ ਵਿੱਚ ਨਵਜੋਤ ਕੌਰ (ਬੀ.ਏ.-1) ਨੇ ਪੋਸਟਰ ਮੇਕਿੰਗ ਵਿੱਚ ਪਹਿਲਾ, ਮੌਨਿਕਾ ਕੌਸ਼ਲ (ਐਮ.ਏ.-2) ਨੇ ਕਾਰਟੂਨਿੰਗ ਵਿੱਚ ਪਹਿਲਾ ਸਥਾਨ , ਕਵਲਜੀਤ ਕੌਰ (ਐਮ.ਏ.-2) ਨੇ ਕਲੇਅ ਮਾਡਲਿੰਗ ਵਿੱਚ ਦੂਜਾ ਸਥਾਨ , ਸ਼ਿੰਦਰਪਾਲ ਕੌਰ (ਐਮ.ਏ.-1) ਨੇ ਰੰਗੋਲੀ ਵਿੱਚ ਤੀਜਾ ਸਥਾਨ ਹਾਸਿਲ ਕੀਤਾ।ਅਕਤੂਬਰ 2016 ਵਿੱਚ ਹੋਏ ਅੰਤਰ ਖੇਤਰੀ ਯੁਵਕ ਮੁਕਾਬਲੇ ਵਿੱਚ ਨਵਜੋਤ ਕੌਰ (ਬੀ.ਏ.- 1) ਨੇ ਪੋਸਟਰ ਮੇਕਿੰਗ ਵਿੱਚ ਤੀਜਾ ਸਥਾਨ ਹਾਸਿਲ ਕੀਤਾ।21 ਅਕਤੂਬਰ 2016 ਨੂੰ *SUS ਸਰਕਾਰੀ ਕਾਲਜ ਸੁਨਾਮ* ਵਿਖੇ ਅੰਤਰ ਕਾਲਜ ਸੋਲਗਨ ਪੇਟਿੰਗ ਮੁਕਾਬਲੇ ਵਿੱਚ ਮਨਦੀਪ ਕੌਰ (ਐਮ.ਏ.-1) ਨੇ ਦੂਜਾ ਸਥਾਨ ਹਾਸਿਲ ਕੀਤਾ।

**ਸੰਗੀਤ ਗਾਇਨ ਵਿਭਾਗ**

ਸੰਗੀਤ ਗਾਇਨ ਵਿਭਾਗ ਦੀਆਂ ਵਿਦਿਆਰਥਣਾਂ ਨੇ ਸੁਤੰਤਰਤਾ ਦਿਵਸ (15 ਅਗਸਤ 2016) ਅਤੇ ਗਣਤੰਤਰ ਦਿਵਸ (26 ਜਨਵਰੀ 2017) ਦੇ ਮੌਕੇ ਤੇ ***ਯਾਦਵਿੰਦਰਾ ਸਟੇਡੀਅਮ*** ਵਿਖੇ ਰਾਸ਼ਟਰੀ ਗੀਤ ਗਾਇਆ ਅਤੇ ਗਿੱਧੇ ਦੀਆਂ ਬੋਲੀਆਂ ਵਿੱਚ ਭਾਗ ਲਿਆ।

ਵਿਭਾਗ ਦੇ ਵਿਦਿਆਰਥੀਆਂ ਵੱਲੋਂ ਅਗਸਤ 2016 ਵਿੱਚ **ਪੰਜਾਬ ਭਵਨ ਚੰਡੀਗੜ੍ਹ** ਵਿਖੇ ਤੀਜ ਤਿਉਹਾਰ ਮੌਕੇ ਮਹਿੰਦੀ ਸ਼ਗਨਾਂ ਦੇ ਗੀਤਾਂ ਦੀ ਸ਼ਲਾਘਾ ਯੋਗ ਪ੍ਰਸਤੁਤੀ ਕੀਤੀ ਗਈ।ਮਿਤੀ 01 ਅਕਤੂਬਰ 2016 ਨੂੰ ਵਿਭਾਗ ਦੇ ਵਿਦਿਆਰਥੀਆਂ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੇ ਮੁਖੀ ਡਾ. ਯਸ਼ਪਾਲ ਸ਼ਰਮਾ ਜੀ ਦਾ ਲੈਕਚਰ ਕਮ ਡੈਮੋਂਸਟਰੇਸ਼ਨ ਕਰਵਾਇਆ ਗਿਆ।ਮਿਤੀ 03 ਅਕਤੂਬਰ 2016 ਨੂੰ ਕਾਲਜ ਵਿੱਚ ਨੈਕ ਦੀ ਟੀਮ ਦੇ ਆਗਮਨ ਤੇ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪ੍ਰਸਤੁਤ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਸ਼ਬਦ ਗਾਇਨ , ਪੱਛਮੀ ਸੋਲੋ ਅਤੇ ਸ਼ਾਸ਼ਤਰੀ ਨ੍ਰਿਤ ਦੇ ਨਾਲ ਵੀ ਗਾਇਨ ਪ੍ਰਸਤੁਤ ਕੀਤਾ ।

ਪੰਜਾਬੀ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿੱਚ ਵਿਭਾਗ ਦੀਆਂ ਵਿਦਿਆਰਥਣਾਂ ਨੇ ਗਜਲ ਗਾਇਨ ਵਿੱਚ ਦੂਜਾ ਸਥਾਨ ਅਤੇ ਸ਼ਾਸ਼ਤਰੀ ਗਾਇਨ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ।

10 ਨਵੰਬਰ 2016 ਨੂੰ ਕਾਲਜ ਆਡੀਟੋਰੀਅਮ ਵਿੱਚ Indian Idol ਦੇ ਆਡੀਸ਼ਨਾਂ ਵਿੱਚ ਵਿਭਾਗ ਦੇ ਲਗਭਗ ਸਾਰੇ ਵਿਦਿਆਰਥੀਆਂ ਨੇ ਵਧ ਚੜ ਕੇ ਹਿੱਸਾ ਲਿਆ।

**ਸੰਗੀਤ ਵਾਦਨ ਵਿਭਾਗ**

ਵਿਭਾਗ ਦੀ ਫੋਕ ਆਰਕੈਸਟਰਾ ਟੀਮ ਨੇ ਕਾਲਜ ਦੀ ਨਵੀਂ ਬਣੀ ਕੰਟੀਨ ਦੇ ਉਦਘਾਟਨੀ ਸਮਾਰੋਹ ਤੇ ਅਦਭੁਤ ਪੇਸ਼ਕਾਰੀ ਦੇ ਕੇ ਵਾਹ-ਵਾਹ ਖੱਟੀ।ਮਿਤੀ 01 ਅਕਤੂਬਰ 2016 ਨੂੰ ਡਾ. ਦੇਵਿੰਦਰ ਕੌਰ ਜੀ ਨੇ Ext. ਲੈਕਚਰ ਦਿੱਤਾ।ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਜੋਨਲ ਯੂਥ ਫੈਸਟੀਵਲ ਜੋ

ਮਿਤੀ 07,08, ਅਤੇ 09 ਅਕਤਬੂਰ 2016 ਨੂੰ **ਵਿਦਿਆਸਾਗਰ ਗਰੁੱਪ ਆਫ ਇੰਸਟੀਚਿਊਟ** ਵਿੱਚ ਹੋਇਆ, ਵਿੱਚ ਵਿਭਾਗ ਦੀਆਂ ਦੋ ਵਿਦਿਆਰਥਣਾਂ ਯਸ਼ਮੀਤ ਕੋਰ ਅਤੇ ਹਰਕੰਵਲ ਕੌਰ ਨੇ ਕ੍ਰਮਵਾਰ ਨਾਨ ਪ੍ਰਕਸ਼ਨ ਅਤੇ ਪ੍ਰਕਸ਼ਨ ਆਈਟਮਾਂ ਵਿੱਚ ਭਾਗ ਲੈ ਕੇ ਦੂਜਾ ਅਤੇ ਚੌਥਾ ਸਥਾਨ ਪ੍ਰਾਪਤ ਕੀਤਾ।ਅੰਤਰ ਖੇਤਰੀ ਯੁਵਕ ਮੇਲੇ ਵਿੱਚ ਜੋ ਮਿਤੀ 24,25 ਅਤੇ 26 ਅਕਤੂਬਰ 2016 ਨੂੰ ਹੋਇਆ ਵਿੱਚ ਵਿਭਾਗ ਦੀ ਨਾਨ ਪ੍ਰਕਸ਼ਨ ਦੀ ਆਈਟਮ ਵਿੱਚ ਯਸ਼ਮੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਵਿਭਾਗ ਦੀ ਬੀ.ਏ. ਭਾਗ ਤੀਜਾ ਦੀ ਵਿਦਿਆਰਥਣ ਮਨੀਸ਼ਾ ਰੋਲ ਨੰਬਰ 3106 ਨੇ '***ਅਵਾਜ ਪੰਜਾਬ ਦੀ'*** ਦੇ ਮੈਗਾ ਆਡੀਸ਼ਨ ਕਲੀਅਰ ਕੀਤੇ।ਮਿਤੀ 03, 4 ਅਤੇ 05 ਅਕਤੂਬਰ 2016 ਨੂੰ ਕਾਲਜ ਵਿੱਚ ਨੈਕ ਟੀਮ ਦੀ ਆਮਦ ਦੌਰਾਨ ਵਿਭਾਗ ਦੀ ਫੋਕ ਆਰਕੈਸਟਰਾ ਟੀਮ ਨੇ ਅਦਭੁਤ ਪੇਸ਼ਕਾਰੀ ਦਿੱਤੀ ਅਤੇ ਨਾਮਣਾ ਖੱਟਿਆ।

**ਨਿਊਟ੍ਰੀਸ਼ਨ ਅਤੇ ਡਾਇਟੈਟਿਕਸ ਵਿਭਾਗ**

ਨਿਊਟ੍ਰੀਸ਼ਨ ਅਤੇ ਡਾਇਟੈਟਿਕਸ ਵਿਭਾਗ ਦੇ ਵਿਦਿਆਰਥੀਆਂ ਨੂੰ ਮਿਤੀ 16.03.2016 ਨੂੰ ਦੁੱਧ ਅਤੇ ਦੁੱਧ ਤੋਂ ਬਨਣ ਵਾਲੇ ਪਦਾਰਥਾਂ ਦੀ Processing ਵਿਖਾਉਣ ਲਈ ***Milkfood Pvt. Ltd.*** ***ਬਹਾਦਰਗੜ੍ਹ*** ਲਿਜਾਇਆ ਗਿਆ।

ਮਿਤੀ 04.04.2016 ਨੂੰ ਡਾ. ਹਰਕੀਰਤਨ ਵੱਲੋਂ Accounting Procedure ਵਿਸ਼ੇ ਤੇ ਵਿਸਤਾਰ ਭਾਸ਼ਣ ਕਰਾਇਆ ਗਿਆ।

1 ਅਗਸਤ ਤੋਂ 8 ਅਗਸਤ 2016 ਦੌਰਾਨ **World Breast feeding Week** ਦੇ ਤਹਿਤ ਵਿਭਾਗ ਵੱਲੋਂ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਮੁਕਾਬਲੇ ਕਰਾਏ ਗਏ।

ਮਿਤੀ 1 ਸਤੰਬਰ 2016 ਤੋਂ 07 ਸਤੰਬਰ 2016 ਤੱਕ **ਕੌਮੀ ਪੋਸ਼ਣ ਹਫਤਾ** ਮਨਾਇਆ ਗਿਆ ਜਿਸ ਵਿੱਚ ਡਾ. ਸੰਜੀਵ ਸ਼ਰਮਾ ਡਾਈਟਿਸ਼ਨ ਰਾਈਸੀਲਾ ਗਰੁੱਪ ਸੰਗਰੂਰ ਵੱਲੋਂ ***Latest Recomendations on fats and oils*** ਵਿਸ਼ੇ ਤੇ ਅਤੇ ਡਾ. ਮਨਪ੍ਰੀਤ ਕੌਰ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਪਟਿਆਲਾ ਵੱਲੋਂ ***Need for Medification in Life Style*** ਵਿਸ਼ੇ ਤੇ ਵਿਸਤਾਰ ਭਾਸ਼ਣ ਦਿੱਤੇ ਗਏ।ਇਸੀ ਦੌਰਾਨ ਵਿਭਾਗ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਡਾਇਟੇਟਿਕਸ ਵਿਭਾਗ ਪੀ.ਜੀ.ਆਈ ਚੰਡੀਗੜ੍ਹ ਵੱਲੋਂ ਆਯੋਜਿਤ CNE ਪ੍ਰੋਗਰਾਮ ***" Beat the Diabeties and its complications"*** ਵਿੱਚ ਭਾਗ ਲਿਆ।

ਵਿਭਾਗ ਵਿੱਚ ਹੈਲਥ ਜਾਗਰੂਕਤਾ ਕੈਂਪ ਦੇ ਆਯੋਜਨ ਦੌਰਾਨ ਪੌਸ਼ਟਿਕ ਭੋਜਨ ਬਾਰੇ ਜਾਣਕਾਰੀ , ਅਲਸੀ ਦੇ ਗੁਣਾਂ ਬਾਰੇ ਜਾਣਕਾਰੀ ਦੇਣ ਲਈ ਅਲਸੀ ਤੋਂ ਬਣੇ ਸਨੈਕਸ ਦਾ ਸਟਾਲ ਲਗਾਇਆ ਗਿਆ।

**ਹੋਮ ਸਾਇੰਸ ਵਿਭਾਗ**

ਹੋਮ ਸਾਇਸ ਵਿਭਾਗ ਵੱਲੋਂ ਹੋਮ ਸਾਇੰਸ ਸੋਸਾਇਟੀ ਅਧੀਨ ਸਾਲ 2016 ਵਿੱਚ ਵੱਖ-ਵੱਖ ਮੁਕਾਬਲੇ ਕਰਾਏ ਗਏ ਜਿਸ ਵਿੱਚ ਬੀ.ਏ./ਬੀ.ਐਸ.ਸੀ. ਦੀਆਂ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ।13 ਅਗਸਤ 2016 ਨੂੰ ਰੱਖੜੀ ਬਨਾਉਣ ਦਾ ਮੁਕਾਬਲਾ , 30 ਅਗਸਤ 2016 ਨੂੰ ਰੰਗੋਲੀ ਦੇ ਪੋਸਟਰ ਬਨਾਉਣ ਦਾ ਮੁਕਾਬਲਾ , 12 ਸਤੰਬਰ 2016 ਨੂੰ ਤੀਆਂ ਦੇ ਮੌਕੇ ਤ ਮਹਿੰਦੀ ਲਗਾਉਣ ਦੇ ਮੁਕਾਬਲੇ , 19 ਸਤੰਬਰ 2016 ਨੂੰ ਰੰਗੋਲੀ ਮੁਕਾਬਲਾ , 22 ਸਤੰਬਰ 2016 ਨੂੰ ਰਵਾਇਤੀ ਕਢਾਈ ਦਾ ਮੁਕਾਬਲਾ ਕਰਵਾਇਆ ਗਿਆ।ਜਿਸ ਵਿੱਚ ਬੀ.ਏ. /ਬੀ.ਐਸ.ਸੀ. ਦੀਆਂ ਵਿਦਿਆਰਥਣਾਂ ਨੇ ਆਪਣੀ-ਆਪਣੀ ਕਲਾ ਦਾ ਪ੍ਰਦਰਸ਼ਨ ਰੰਗਾਂ, ਅਕਾਰਾਂ ਤੇ ਫਲੋਰਲ ਡਿਜਾਇਨਾਂ ਦੁਆਰਾ ਕੀਤਾ।ਵਿਭਾਗ ਵੱਲੋਂ 20-22 ਸਤੰਬਰ 2016 ਤੱਕ Paper Mache ਉਪਰ ਵਰਕਸ਼ਾਪ ਲਗਵਾਈ, 20-24 ਸਤੰਬਰ

2016 ਤੱਕ Best Out of waste ਉੱਪਰ ਵਰਕਸ਼ਾਪ ਲਗਾਈ।ਇਸ ਵਰਕਸ਼ਾਪ ਵਿੱਚ ਵਿਦਿਆਰਥਣਾਂ ਨੂੰ ਘਰ ਵਿੱਚ ਪਈਆਂ ਬੇਕਾਰ ਫਾਲਤੂ ਚੀਜਾਂ ਤੋਂ ਵੱਖ-ਵੱਖ ਕਿਸਮਾਂ ਦੇ ਆਰਟੀਕਲਜ਼ ਬਨਾਉਣੇ ਸਿਖਾਏ ਗਏ।ਜਿਵੇਂ ਫੋਟੋਫਰੇਮ, ਵਾਲ ਹੈਂਗਿਗਜ਼, ਜਿਊਲਰੀ ਬਾਕਸ ਅਤੇ ਹੋਰ ਘਰ ਸਿੰਗਾਰ ਦਾ ਸਮਾਨ ਆਦਿ। ਸਤੰਬਰ ਮਹੀਨੇ ਵਿੱਚ fabric paint ਅਤੇ tie and tye ਉੱਪਰ ਦੋ ਰੋਜਾ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਵਿਦਿਆਰਥਣਾਂ ਨੂੰ ਵੱਖ-ਵੱਖ ਸਰਲ ਤਰੀਕਿਆਂ ਨਾਲ ਕਪੜਿਆਂ ਨੂੰ ਬੰਨ ਕੇ ਆਰਟੀਕਲਜ਼ ਤਿਆਰ ਕਰਵਾਏ ਗਏ।ਵਿਦਿਆਰਥਣਾਂ ਨੇ ਮਾਚਿਸ ਦੀਆਂ ਤੀਲੀਆਂ , ਕਪੜਿਆਂ ਦੇ ਕਲਿਪ , ਰਸੀ ਚਾਵਲ, ਦਾਲਾਂ , ਸਿੱਕੇ ਆਦਿ ਨਾਲ ਚਾਦਰਾਂ ਅਤੇ ਸੂਟ ਆਦਿ ਤਿਆਰ ਕੀਤੇ।
ਮਿਤੀ 3 ਅਤੇ 4 ਮਾਰਚ ਨੂੰ ਮਹਿੰਦਰਾ ਕਾਲਜ ਪਟਿਆਲਾ ਵਿਖੇ ਕਰਵਾਏ ਗਏ ਫਲਾਵਰ ਸ਼ੋਅ ਵਿੱਚ ਬੀ.ਏ.-2 ਦੀਆਂ 7 ਵਿਦਿਆਰਥਣਾਂ ਨੇ ਹਿੱਸਾ ਲਿਆ ਅਤੇ ਉਹਨਾਂ ਨੇ ਫੁਲਾਂ ਤੋਂ ਜ਼ੂਿਓਲਰੀ ਬਣਾ ਕੇ ਸਿਮਰਣ ਰਾਣੀ ਅਤੇ ਰੇਨੂੰ ਨੇ ਦੂਜਾ ਸਥਾਨ ਅਤੇ ਗਗਨ (1748) ਨੇ ਤੀਜਾ ਸਥਾਨ ਹਾਸਿਲ ਕੀਤਾ।
ਮਿਤੀ 7 ਅਪ੍ਰੈਲ 2017 ਨੂੰ ਵਿਭਾਗ ਵਿੱਚ ਟਾਈ ਐਂਡ ਡਾਈ ਵਿਸ਼ੇ ਤੇ ਅਧਾਰਿਤ ਪ੍ਰਦਰਸ਼ਨੀ ਅਤੇ ਫੈਸ਼ਨ ਸ਼ੋਅ ਕਰਵਾਇਆ ਗਿਆ।

## ਫੋਕ ਆਰਟ ਐਂਡ ਕਲਚਰ ਵਿਭਾਗ

ਆਜਾਦੀ ਦਿਵਸ ਦੇ ਮੌਕੇ ਤੇ ਫੋਕ ਆਰਟ ਐਂਡ ਕਲਚਰ ਵਿਭਾਗ ਦੀਆਂ 150 ਵਿਦਿਆਰਥਣਾਂ ਨੇ ਸਟੇਡੀਅਮ ਵਿਖੇ ਗਿੱਧੇ ਦੀ ਪੇਸ਼ਕਾਰੀ ਦਿੱਤੀ।ਇਸ ਮੌਕੇ ਤੇ ਸ. ਵਿਕਰਮਜੀਤ ਸਿੰਘ ਮਜੀਠੀਆ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ।03 ਅਤੇ 04 ਅਕਤੂਬਰ 2016 ਨੂੰ ਕਾਲਜ ਵਿਖੇ ***ਨੈਕ ਟੀਮ*** ਦੇ ਆਉਣ ਤੇ ਵਿਭਾਗ ਦੀਆਂ ਵਿਦਿਆਰਥਣਾਂ ਨੇ ਗਿੱਧੇ ਦੀ ਪੇਸ਼ਕਾਰੀ ਦਿੱਤੀ।07, 08 ਅਤੇ 09 ਅਕਤੂਰ 2016 ਨੂੰ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੰਟਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ।**ਗਵਰਨਰ ਆਫ ਪੰਜਾਬ** ਵੱਲੋਂ ਮਿਤੀ 25 ਜਨਵਰੀ 2016 ਨੂੰ ਕਰਵਾਏ ਗਏ ***ਵੋਟਰ ਜਾਗਰੁਕਤਾ*** ਪ੍ਰੋਗਰਾਮ ਵਿੱਚ ਵਿਭਾਗ ਦੀ ਗਿੱਧਾ ਟੀਮ ਨੇ ਪੇਸ਼ਕਾਰੀ ਦਿੱਤੀ।26 ਜਨਵਰੀ 2016 ਨੂੰ ਗਣਤੰਤਰ ਦਿਵਸ ਦੇ ਮੌਕੇ ਤੇ ਵੀ ਵਿਭਾਗ ਦੀਆਂ 150 ਵਿਦਿਆਰਥਣਾਂ ਨੇ ਗਿੱਧੇ ਦੀ ਪੇਸ਼ਕਾਰੀ ਦਿੱਤੀ।

## ਮਨੋਵਿਗਿਆਨ ਵਿਭਾਗ

ਮਨੋਵਿਗਿਆਨ ਵਿਭਾਗ ਵੱਲੋਂ 22.08.2016 ਨੂੰ ਸਲੋਗਨ ਰਾਈਟਿੰਗ ਮੁਕਾਬਲਾ ਅਤੇ 06.09.2016 ਨੂੰ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।ਵਿਭਾਗ ਵੱਲੋਂ 14.09.2016 ਨੂੰ Psychological testing ਅਤੇ Counseling ਵਰਕਸ਼ਾਪ ਕਰਵਾਈ ਗਈ ਜਿਸਦਾ ਮੁਖ ਮੰਤਵ ਵਿਦਿਆਰਥਣਾਂ ਦੀਆਂ ਮਾਨਸਿਕ ਸਮੱਸਿਆਵਾਂ ਦੀ ਜਾਂਚ ਕਰਕੇ ਉਹਨਾਂ ਨੂੰ ਸਿਹਤਮੰਦ ਜੀਵਨ ਜਾਂਚ ਦੇ ਤਰੀਕਿਆਂ ਤੋਂ ਜਾਣੂ ਕਰਵਾਉਣਾ ਸੀ। ਇਸ ਵਰਕਸ਼ਾਪ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਤੋਂ ਇਲਾਵਾ ਕਾਲਜ ਸਟਾਫ ਨੇ ਵੀ ਸ਼ਮੂਲੀਅਤ ਕੀਤੀ।

## ਰਾਜਨੀਤੀ ਸ਼ਾਸ਼ਤਰ ਵਿਭਾਗ

ਰਾਜਨੀਤੀ ਸ਼ਾਸ਼ਤਰ ਵਿਭਾਗ ਵੱਲੋਂ ਮਿਤੀ 5 ਅਪ੍ਰੈਲ 2016 ਨੂੰ ਸੂਚਨਾ ਦੇ ਅਧਿਕਾਰ ਵਿਸ਼ੇ ਤੇ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਵਕਤਾ ਸ. ਬਿਕਰਮਜੀਤ ਸਿੰਘ ਛਾਛੀ ਸਨ।ਮਿਤੀ 08 ਸਤੰਬਰ 2016 ਨੂੰ ਡਾ. ਦੀਪਕ ਕੁਮਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ***Dr. B.R. Ambedkar As Crusader of socio economic Rights of Downtroddlers*** ਵਿਸ਼ੇ ਤੇ ਲੈਕਚਰ ਦਿੱਤਾ ਵਿਭਾਗ ਵੱਲੋਂ ਮਿਤੀ 14 ਅਕਤੂਬਰ 2016 ਨੂੰ Centre for Social Research NGO Board

in Delhi ਦੇ ਨਾਲ ਮਿਲ ਕੇ Workshop ਲਗਾਈ ਗਈ।ਇਸ ਵਰਕਸ਼ਾਪ ਵਿੱਚ ਸ. ਅਰਨਿਕਾ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸ਼ੋਸ਼ਲ ਸਾਈਟਸ ਦੀ ਵਰਤੋਂ ਕਰਨ ਬਾਰੇ ਜਾਣਕਾਰੀ ਦਿੱਤੀ।

**ਫਿਲਾਸਫੀ ਵਿਭਾਗ**

ਵਿਭਾਗ ਵੱਲੋਂ ਮਿਤੀ 04 ਅਪ੍ਰੈਲ 2016 ਨੂੰ ਪ੍ਰੈਕਟੀਕਲ ਟਰੇਨਿੰਗ ਆਫ ਯੋਗਾ ਵਿਸ਼ੇ ਤੇ ਵਰਕਸ਼ਾਪ ਆਯੋਜਿਤ ਕੀਤੀ ਗਈ ਜਿਸ ਵਿੱਚ ਡਾ. ਗੁਰਦੀਪ ਲੈਕਚਰਾਰ ਫਿਲਾਸਫੀ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਮੁਖ ਵਕਤਾ ਰਹੇ।ਵਿਭਾਗ ਵੱਲੋਂ ਮਿਤੀ 23 ਸਤੰਬਰ 2016 ਨੂੰ ਵਾਤਾਵਰਣ ਦੇ ਪ੍ਰੈਕਟੀਕਲ ਪ੍ਰੋਜੈਕਟ ਹੇਠ ਪੌਦੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ।

**ਬਨਸਪਤੀ ਵਿਗਿਆਨ ਵਿਭਾਗ**

ਵਿਭਾਗ ਵੱਲੋਂ ਬੀ.ਐਸ.ਸੀ. ਦੇ ਵਿਦਿਆਰਥੀਆਂ ਲਈ ਸਤੰਬਰ 2016 ਨੂੰ Hydrophonics ਵਿਸ਼ੇ ਤੇ ਇੱਕ ਰੋਜਾ ਵਰਕਸ਼ਾਪ ਆਯੋਜਿਤ ਕੀਤੀ ਗਈ ਜਿਸ ਵਿੱਚ ਮੁਲਤਾਨੀ ਮਲ ਮੋਦੀ ਕਾਲਜ ਦੇ ਡਾ. ਰਾਜੀਵ ਨੇ ਵਿਸਤਾਰ ਭਾਸ਼ਣ ਦਿੱਤਾ। 6 ਅਗਸਤ 2016 ਨੂੰ ਬੀ.ਐ.ਸੀ. ਮੈਡੀਕਲ ਅਤੇ ਬਾਇਓਟੈਕ ਦੇ ਵਿਦਿਆਰਥੀਆਂ ਦੇ ਇੰਟਰ ਕਲਾਸ ਕੁਇਜ਼ ਮੁਕਾਬਲੇ ਵੀ ਕਰਵਾਏ ਗਏ।ਮਿਤੀ 21 ਮਾਰਚ 2017 ਨੂੰ ਅੰਤਰ ਰਾਸ਼ਟਰੀ Forest Day ਮਨਾਇਆ ਗਿਆ ।ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਅਲੱਗ-ਅਲੱਗ ਤਰਾਂ ਦੇ Herbal ਅਤੇ Medicinial Plants ਕਾਲਜ ਕੈਂਪਸ ਅਤੇ Botanical Garden ਵਿੱਚ ਲਗਾਏ ਗਏ।

**ਜੌਗਰਫੀ ਵਿਭਾਗ**

ਜੌਗਰਫੀ ਵਿਭਾਗ ਵੱਲੋਂ 16 ਸਤੰਬਰ 2016 ਨੂੰ ਜੌਗਰਫੀ ਵਿਭਾਗ ਵਿਖੇ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ ਸਾਰੀਆਂ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਦੌਰਾਨ ਵਿਦਿਆਰਥਣਾਂ ਵਿਚਕਾਰ ਨਕਸ਼ਾ ਬਣਾਉਣ, ਮਾਡਲ ਅਤੇ ਚਾਰਟ ਬਣਾਉਣ ਦੇ ਮੁਕਾਬਲੇ ਕਰਵਾਏ ਗਏ।ਮਿਤੀ 28 ਮਾਰਚ 2017 ਨੂੰ ਜੌਗਰਫੀ ਵਿਭਾਗ ਦੀਆਂ ਵਿਦਿਆਰਥਣਾਂ ਦਾ ਕਸੌਲੀ ਵਿਖੇ ਇੱਕ ਦਿਨ ਦਾ ਐਜੂਕੇਸ਼ਨ ਟੂਰ ਗਿਆ। ਇੱਥੇ ਵਿਦਿਆਰਥਣਾਂ ਨੂੰ ਵੱਖ-ਵੱਖ ਕਿਸਮ ਦੀਆਂ ਸਥਲ ਆਕ੍ਰਿਤੀਆਂ , ਕੁਦਰਤੀ ਬਨਸਪਤੀ ਅਤੇ ਢਲਾਣਾਂ ਦੀ ਜਾਣਕਾਰੀ ਦਿੱਤੀ ਗਈ।

**ਗਣਿਤ ਵਿਭਾਗ**

ਵਿਭਾਗ ਵੱਲੋਂ ਸਤੰਬਰ 2016 ਵਿੱਚ ਗਣਿਤ ਕੁਇਜ਼ ਮੁਕਾਬਲੇ ਕਰਵਾਏ ਗਏ।

**ਜੁਆਲੌਜੀ ਵਿਭਾਗ**

ਵਿਭਾਗ ਵੱਲੋਂ ਮਿਤੀ 7 ਸਤੰਬਰ 2016 ਨੂੰ ਡਾ. ਮਨਪ੍ਰੀਤ ਵੱਲੋਂ ***Management of PCOS in Various age groups*** ਵਿਸ਼ੇ ਤੇ ਭਾਸ਼ਣ ਕਰਵਾਇਆ ਗਿਆ। 23 ਅਗਸਤ 2016 ਨੂੰ ***Team Work & Leadership*** ਵਿਸ਼ੇ ਤੇ ਇੱਕ ਰੋਜਾ ਵਰਕਸ਼ਾਪ ਆਯੋਜਿਤ ਕੀਤੀ ਗਈ। 6 ਅਗਸਤ 2016 ਨੂੰ ਵਿਭਾਗ ਵੱਲੋਂ ਪੋਸਟਰ ਮੇਕਿੰਗ ਮੁਕਾਬਲੇ ਅਤੇ ਇੰਟਰ ਕਲਾਸ ਕੁਇਜ ਮੁਕਾਬਲੇ ਵੀ ਕਰਵਾਏ ਗਏ। 21 ਮਾਰਚ 2017 ਨੂੰ ਵਿਭਾਗ ਦੇ Botanical garden ਵਿੱਚ ***Forest day*** ਮਨਾਉਂਦੇ ਹੋਏ ਨਵੇਂ ਬੂਟੇ ਲਗਾਏ ਗਏ।

**ਡਾਂਸ ਵਿਭਾਗ**

ਆਜਾਦੀ ਦਿਵਸ (15 ਅਗਸਤ 2016) ਅਤੇ ਗਣਤੰਤਰ ਦਿਵਸ (26 ਜਨਵਰੀ 2017 ) ਦੇ ਅਵਸਰ ਤੇ ਵਿਭਾਗ ਦੀਆਂ ਲਵਭਗ 200 ਵਿਦਿਆਰਥਣਾਂ ਨੇ ਗਿੱਧੇ ਦੀ ਪੇਸ਼ਕਾਰੀ ਦਿੱਤੀ ਅਤੇ ਟਰਾਫੀ ਪ੍ਰਾਪਤ ਕੀਤੀ।ਸੈਸ਼ਨ ਦੇ ਆਰੰਭ ਵਿੱਚ 9 ਸਤੰਬਰ 2016 ਨੂੰ ਵਿਭਾਗ ਵੱਲੋਂ ਟੈਲੰਟ ਹੰਟ ਮੁਕਾਬਲਾ ਕਰਵਾਇਆ ਗਿਆ।3,4 ਅਤੇ 5 ਅਕਤੂਬਰ 2016 ਨੂੰ ਕਾਲਜ ਵਿਖੇ ਨੈਕ ਟੀਮ ਦੀ ਆਮਦ ਤੇ 10 ਵਿਦਿਆਰਥਣਾਂ ਨੇ ਗਨੇਸ਼ ਵੰਦਨਾ ਅਤੇ ਕੱਥਕ ਨ੍ਰਿਤ ਦੀ ਸ਼ਲਾਘਾਯੋਗ ਪ੍ਰਸਤੁਤੀ ਦਿੱਤੀ।ਪੰਜਾਬੀ ਯੂਨੀਵਰਸਿਟੀ ਪਟਿਆਲਾਦੇ ਖੇਤਰੀ ਯੁਵਕ ਮੇਲੇ ਵਿੱਚ ਵਿਭਾਗ ਦੀ ਵਿਦਿਆਰਥਣ ਆਂਚਲ (3555) ਨੇ ਸਾਸ਼ਤਰੀ ਨ੍ਰਿਤ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਪਤ ਕੀਤਾ ਅਤੇ ਅੰਤਰ ਖੇਤਰੀ ਲੋਕ ਮੇਲੇ ਵਿੱਚ ਵਿਭਾਗ ਦੇ ਸੰਮੀ ਗਰੁੱਪਡਾਂਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ।NZCC ਦੁਆਰਾ ਦਸੰਬਰ 2016 ਵਿੱਚ ***ਗੀਤਾ ਜਯੰਤੀ ਮਹਾਂਉਤਸਵ ਕੁਰਕਸ਼ੇਤਰ*** ਵਿਖੇ 10 ਵਿਦਿਆਰਥਣਾਂ ਨੇ ਸ਼ਾਸ਼ਤਰੀ ਨ੍ਰਿਤ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ।ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਕੁਲਵਿੰਦਰ ਕੌਰ ਵੱਲੋਂ ਪੀ.ਐਚ ਡੀ. ਦਾ Thesis submit ਕੀਤਾ ਗਿਆ ਅਤੇ ਵਿਭਾਗ ਦੇ ਮੁਖੀ ਡਾ. ਜੀਵਨ ਬਾਲਾ ਵੱਲੋਂ ਦਿੱਲੀ ਵਿਖੇ National Seminar ਵਿੱਚ ਭਾਗ ਲਿਆ ਗਿਆ।

**ਰਸਾਇਣ ਵਿਗਿਆਨ ਵਿਭਾਗ**

ਵਿਭਾਗ ਵੱਲੋਂ ਮੁਲਤਾਨੀ ਮੱਲ ਮੋਦੀ ਕਾਲਜ ਦੇ ਐਸੋ. ਪ੍ਰਫੈਸਰ ਡਾ. ਰਾਜੀਵ ਵਰਮਾ ਜੀ ਦਾ ਵਿਸਤਾਰ ਭਾਸ਼ਣ ***Chemisrty of transition elements and their complexes*** ਵਿਸ਼ੇ ਤੇ ਕਰਵਾਇਆ ਗਿਆ।ਵਿਭਾਗ ਵੱਲੋਂ ਕੁਇਜ਼, ਪੋਸਟਰ ਐਤ ਮਾਡਲ ਬਣਾਉਣ ਦੇ ਮੁਕਾਬਲੇ ਕਰਵਾਏ ਗਏ।ਵਿਭਾਗ ਦੀਆਂ ਬੀ.ਐਸ.ਸੀ. -3 ਦੀਆਂ ਵਿਦਿਆਰਥਣਾਂ ਨੈ ਬੀ.ਐਸ.ਸੀ. -1 ਦੀਆਂ ਵਿਦਿਆਰਥਣਾਂ ਨੂੰ ਅਲੱਗ-ਅਲੱਗ ਵਿਸ਼ਿਆਂ ਤੇ ਲੈਕਚਰ ਦਿੱਤੇ।

**ਹਿੰਦੀ ਵਿਭਾਗ**

ਹਿੰਦੀ ਵਿਭਾਗ ਵੱਲੋਂ ਮਿਤੀ 23.09.2016 ਨੂੰ *"ਸਵਾਤੰਤਰਯੋਤਰ ਹਿੰਦੀ ਸਾਹਿਤਯ ਕੇ ਬੜ੍ਹਤੇ ਕਦਮ"* ਵਿਸ਼ੇ ਤੇ ਇੱਕ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਡਾ. ਮਧੂ ਖੰਨਾ ਨੇ ਆਧੁਨਿਕ ਹਿੰਦੀ ਸਾਹਿਤ ਤੇ ਆਪਣੇ ਵਿਚਾਰ ਪ੍ਰਸਤੁਤ ਕੀਤੇ। ਨਾਲ ਹੀ ਮਿਤੀ 26.09.2016 ਨੂੰ ਵਿਭਾਗ ਦੁਆਰਾ "*ਨਾਰੀ ਸਸ਼ਕਤੀਕਰਨ*" ਵਿਸ਼ੇ ਤੇ ਇੱਕ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਰਾਮਾਕ੍ਰਿਸ਼ਨਾ ਮਿਸ਼ਨ ਸ਼ਿਮਲਾ ਦੇ ਸੁਆਮੀ ਰਾਮ ਰੂਪਾ ਨੰਦ ਜੀ ਨੇ ਨਾਰੀ ਸ਼ਕਤੀ ਤੇ ਆਪਣੇ ਵਿਚਾਰ ਪ੍ਰਸਤੁਤ ਕੀਤੇ।

➢ **<u>ਸਟਾਫ ਦੀਆਂ ਪ੍ਰਾਪਤੀਆਂ</u>**

- 6 ਸਤੰਬਰ 2016 ਨੂੰ ਕਾਲਜ ਵਿੱਚ ਹੀ ਆਯੋਜਿਤ Faculty Development Workshop on Teaching Skills ਵਿੱਚ ਸਮੂਹ ਸਟਾਫ਼ ਮੈਂਬਰਜ਼ ਨੇ ਸ਼ਿਰਕਤ ਕੀਤੀ।
  ਹੇਠ ਲਿਖੇ ਪ੍ਰੋ. ਸਾਹਿਬਾਨ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਹਿਮਾਚਲ ਯੂਨੀਵਰਸਿਟੀ, ਸ਼ਿਮਲਾ, ਖਾਲਸਾ ਕਾਲਜ਼ (Autonomous College) ਪਟਿਆਲਾ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਜਲੰਧਰ , ਉਤਰਾਖੰਡ ਯੂਨੀਵਰਸਿਟੀ ਅਤੇ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਦੇ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਦੇ ਬੋਰਡ ਆਫ ਸਟੱਡੀਜ਼ ਦੇ ਮੈਂਬਰ ਹਨ: ਡਾ. ਕਵਲਜੀਤ ਕੌਰ ਬਰਾੜ(ਕੈਮਿਸਟਰੀ), ਪ੍ਰੋ. ਗੀਤਿੰਦਰ ਕੋਰ (ਅੰਗ੍ਰੇਜ਼ੀ), ਪ੍ਰੋ. ਵਿਜੈ ਕੁਮਾਰ ਗੋਇਲ (ਸਟੈਟ), ਪ੍ਰੋ.

ਚਰਨਜੀਤ ਕੌਰ (ਜੋਗਰਫੀ), ਪ੍ਰੋ(ਡਾ.) ਤੇਜਿੰਦਰ ਕੌਰ (ਨਿਊਟ੍ਰੀਸ਼ਨ ਐਂਡ ਡਾਇਟ),ਪ੍ਰੋ. ਪੂਨਮ ਰਿਸ਼ੀ (ਫਾਈਨ ਆਰਟਸ), ਪ੍ਰੋ. ਗੁਰਵੀਨ ਕੌਰ( ਫਾਈਨ ਆਰਟਸ), ਪ੍ਰੋ. (ਡਾ.) ਬਾਬਿੰਦਰ ਕੌਰ (ਰਾਜਨੀਤੀ ਸ਼ਾਸ਼ਤਰ), ਪ੍ਰੋ. ਰਾਜਿੰਦਰ ਕੌਰ( ਸੰਗੀਤ ਗਾਇਨ) , ਪ੍ਰੋ. (ਡਾ.) ਸ਼ਬਨਮ ਕੌਰ ਸੋਢੀ (ਜੁਆਲੋਜੀ) ਪ੍ਰੋ. ਸ਼ਿਵਦੇਵ ਕੌਰ ਮਾਨ (ਅੰਗ੍ਰੇਜ਼ੀ) , ਪ੍ਰੋ.(ਡਾ.) ਰਾਜਵਿੰਦਰ ਸਿੰਘ(ਫਿਲਾਸਫੀ), ਪ੍ਰੋ.(ਡਾ.) ਜਤਿੰਦਰ ਜੈਨ( ਫਿਲਾਸਫੀ),ਪ੍ਰੋ. ਵੰਦਨਾ ਸਲੂਜਾ (ਮੈਥ), ਪ੍ਰੋ. ਰਵਿੰਦਰ ਕੌਰ ਸੂਚ (ਮੈਥ) ਪ੍ਰੋ. ਲਲਿਤਾ ਕੋਹਲੀ ( ਹਿਸਟਰੀ), ਪ੍ਰੋ. ਰੇਨੂੰ ਗੋਇਲ (ਹਿੰਦੀ), ਪ੍ਰੋ.(ਡਾ.) ਜਗਮੋਹਨ ਸ਼ਰਮਾ ( ਸੰਗੀਤ ਵਾਦਨ), ਪ੍ਰੋ. ਬਰਿੰਦਰ ਕੌਰ (ਫੂਡ ਐਂਡ ਕੁਆਂਟਿੰਟੀ ਕੁਕਿੰਗ),ਪ੍ਰੋ. (ਡਾ.) ਸੰਜੀਵ ਪੀ ਸ਼੍ਰੀਵਾਸਤਵ, ਪ੍ਰੋ. ਪੁਸ਼ਪਿੰਦਰ ਕੌਰ (ਡਾਂਸ), ਪ੍ਰੋ. ਕੁਲਵਿੰਦਰ ਕੌਰ(ਡਾਂਸ), ਪ੍ਰੋ.ਨੀਤਾ ਮੈਨਰੋ (ਅੰਗ੍ਰੇਜ਼ੀ), ਪ੍ਰੋ. ਸੁਰਿੰਦਰ ਕੌਰ(ਫੋਕ ਆਰਟ ਐਂਡ ਕਲਚਰ)

**ਡਾ. ਕਵਲਜੀਤ ਕੌਰ ਬਰਾੜ**

- Current Trends in Biotechnology and Chemical Research ਵਿੱਚ ਇੱਕ ਪਰਚਾ "Effects of Nickel on superoxide Di smutase, Perioxidate and Lipid Peroxidation in Mungbean (Vigna Radiate) seedlings ਪ੍ਰਕਾਸ਼ਿਤ ਹੋਇਆ।

**ਪ੍ਰੋ. ਸ਼ਵਿੰਦਰ ਸਿੰਘ (ਮੁਖੀ ਅੰਗ੍ਰੇਜ਼ੀ ਵਿਭਾਗ)**

- ਪ੍ਰੋ. ਸ਼ਵਿੰਦਰ ਸਿੰਘ ਨੇ 9 ਅਕਤੂਬਰ 2016 ਨੂੰ ਫੁਲ ਮੈਰਾਥਨ 42 ਕਿਲੋਮੀਟਰ 200 ਮੀਟਰ ਮੁਕੰਮਲ ਕੀਤੀ ਅਤੇ ਆਪਣੇ ਉਮਰ ਵਰਗ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

**ਪ੍ਰੋ. ਵੀਨਾ ਗੋਇਲ (ਬੌਟਨੀ)**

- ਮਿਤੀ 12 ਨਵੰਬਰ 2016 ਨੂੰ ਮੋਦੀ ਕਾਲਜ ਵਿਖੇ ਹੋਏ ਦੂਜੇ ਰਾਸ਼ਟਰੀ ਸਿਮਪੋਜੀਅਮ 'Emerging Trends in Biological Sciences ਵਿੱਚ ਇੱਕ ਰਿਸਰਚ ਪੇਪਰ 'Cytology of Some Succulants' ਪੜ੍ਹਿਆ ਅਤੇ ਪ੍ਰਕਾਸ਼ਿਤ ਹੋਇਆ।

**ਡਾ. ਤੇਜਿੰਦਰ ਕੌਰ**

- ਖਾਲਸਾ ਕਾਲਜ ਪਟਿਆਲਾ (Autonomous College) ਦੇ ਪੋਸਟ ਗ੍ਰੈਜੂਏਟ ਵਿਭਾਗ ਫੈਸ਼ਨ ਡਿਜਾਇੰਨਗ ਹੋਮ ਸਾਇੰਸ ਵਿਭਾਗ (Under Graduate) ਦੇ ਵੀ.ਸੀ. Nominee ਹਨ।
- ਨਵੰਬਰ 2016 ਵਿੱਚ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿਖੇ Street food convert to healthy food ਵਿੱਚ ਬਤੌਰ ਜੱਜ ਬੁਲਾਇਆ ਗਿਆ।

**ਪ੍ਰੋ. ਗੁਰਵੀਨ ਕੌਰ (ਫਾਈਨ ਆਰਟਸ)**

- ਜੂਨ 2016 ਵਿੱਚ ਵਿਰਸਾ ਵਿਹਾਰ ਕੇਂਦਰ ਪਟਿਆਲਾ ਅਤੇ ਜੁਲਾਈ 2016 ਵਿੱਚ ਨਵੀਂ ਦਿੱਲੀ ਵਿਖੇ ਚਿੱਤਰ ਪ੍ਰਦਰਸ਼ਨੀ ਦੇ ਗਰੁੱਪ Shows ਵਿੱਚ ਸ਼ਮੂਲੀਅਤ ਕੀਤੀ।
- ਮਈ 2016 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਫਾਈਨ ਆਰਟਸ ਵਿਭਾਗ ਵੱਲੋਂ ਆਯੋਜਿਤ ਸੈਮੀਨਾਰ ਦੀਆਂ ਕਾਰਵਾਈਆਂ ਵਿੱਚ ਇੱਕ ਰਿਸਰਚ ਪੇਪਰ 'Artistic Beauty of Hukka Bases' ਪ੍ਰਕਾਸ਼ਿਤ ਹੋਇਆ।

- ਮਿਤੀ 27, 28 ਅਕਤੂਬਰ 2016 ਨੂੰ DPI Colleges ਚੰਡੀਗੜ੍ਹ ਵੱਲੋਂ ਆਯੋਜਿਤ 2 ਰੋਜ਼ਾ International & Research With Global Perspective ਵਿੱਚ ਸ਼ਿਰਕਤ ਕੀਤੀ।

**ਪ੍ਰੋ. ਰਜਿੰਦਰ ਕੌਰ (ਸੰਗੀਤ ਗਾਇਨ)**

- ਜਨਵਰੀ 2016 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਰਤਨ ਦਰਬਾਰ ਵਿੱਚ ਰਾਗ ਨਿਰਧਾਰਿਤ ਸ਼ਬਦ ਗਾਇਨ ਪ੍ਰਸਤੁਤ ਕੀਤਾ। ਨਾਨਕਸਰ ਕੁਟੀਆ ਵਿਖੇ ਹੋਏ ਜਪ ਤਪ ਸਮਾਗਮ ਵਿੱਚ ਸ਼ਬਦ ਪ੍ਰਸਤੁਤੀ ਉਪਰੰਤ ਸਿਰੋਪਾ ਅਤੇ ਸਨਮਾਨ ਚਿੰਨ੍ਹ ਸਹਿਤ ਸਨਮਾਨ ਪ੍ਰਾਪਤ ਕੀਤਾ।
- 29 ਫਰਵਰੀ ਤੋਂ 2 ਮਾਰਚ 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਆਯੋਜਿਤ 33ਵੀਂ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਬਤੌਰ ਡੈਲੀਗੇਟ ਸ਼ਿਰਕਤ ਕੀਤੀ।
- 3, 4, 5 ਅਕਤੂਬਰ 2016 ਨੂੰ NAAC ਕਮੇਟੀ ਦੇ ਆਗਮਨ ਤੇ ਸਭਿਆਚਾਰਕ ਪ੍ਰੋਗਰਾਮ ਵਿੱਚ ਸ਼ਾਸਤਰੀ ਨ੍ਰਿਤ ਨਾਲ ਗਾਇਨ ਪ੍ਰਸਤੁਤ ਕੀਤਾ।
- 5 ਨਵੰਬਰ 2016 ਨੂੰ ਖਾਲਸਾ ਕਾਲਜ, ਪਟਿਆਲਾ ਵਿਖੇ UGC Sponsored National Conference ਵਿਖੇ ਭਾਗ ਲਿਆ।
- 9 ਅਪ੍ਰੈਲ 2017 ਨੂੰ ਗੁਰੂ ਨਾਨਕ ਕਾਲਜ ਬੁਢਲਾਢਾ ਵਿਖੇ ਇੱਕ ਰੋਜਾ National Conference ਵਿੱਚ ਸ਼ਿਰਕਤ ਕੀਤੀ।

**ਡਾ. ਬਬਿੰਦਰ ਕੌਰ (ਰਾਜਨੀਤੀ ਸ਼ਾਸਤਰ)**

- ਮਿਤੀ 21 ਅਗਸਤ 2016 ਨੂੰ A.S. College ਖੰਨਾ ਵਿਖੇ ਬਤੌਰ ਵਿਸ਼ਾ ਮਾਹਿਰ ਬੁਲਾਏ ਗਏ।

**ਡਾ. ਸ਼ਬਨਮ ਸੋਢੀ (ਜ਼ੂਆਲੋਜੀ)**

- ਮਿਤੀ 12 ਨਵੰਬਰ 2016 ਨੂੰ National Symposium on Emerging Trends in Physical Sciences ਵਿੱਚ ਸ਼ਿਰਕਤ ਕੀਤੀ।

**ਪ੍ਰੋ. ਸ਼ਿਵਦੇਵ ਕੌਰ ਮਾਨ (ਅੰਗ੍ਰੇਜ਼ੀ)**

- 29 ਫਰਵਰੀ 2016 ਤੋਂ 2 ਮਾਰਚ 2016 ਤੱਕ ਪੰਜਾਬੀ ਭਾਸ਼ਾ ਵਿਭਾਗ ਵੱਲੋਂ ਆਯੋਜਿਤ 33ਵੀਂ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ ਬਤੌਰ ਡੈਲੀਗੇਟ ਭਾਗ ਲਿਆ।
- ਜੁਲਾਈ-ਅਗਸਤ 2016 ਵਿੱਚ ਅੰਤਰ ਰਾਸ਼ਟਰੀ ਰਿਸਰਚ ਜਰਨਲ 'ਰਿਸਰਚ ਰਾਇਵਲ' ਵਿੱਚ ਇੱਕ ਰਿਸਰਚ ਪੇਪਰ Religion and Literature ਪ੍ਰਕਾਸ਼ਿਤ ਹੋਇਆ।
- 27 ਅਗਸਤ 2016 ਨੂੰ S.D. ਕਾਲਜ ਅੰਬਾਲਾ ਕੈਂਟ ਵਿਖੇ ਆਯੋਜਿਤ ਇੱਕ ਰੋਜਾ ਨੈਸ਼ਨਲ ਸੈਮੀਨਾਰ ਵਿੱਚ ਇੱਕ ਰਿਸਰਚ ਪੇਪਰ Mr. B.R. Tilak as a National Hero ਪੜ੍ਹਿਆ।
- 16-17 ਨਵੰਬਰ 2016 ਨੂੰ ਵੂਮੈਨ ਸਟਡੀ ਸੈਂਟਰ ਵੱਲੋਂ ਆਯੋਜਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅੱਠਵੀਂ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ 'Role of Law in Emancipation of Women' ਵਿਸ਼ੇ ਤੇ ਇੱਕ ਰਿਸਰਚ ਪੇਪਰ ਪੜ੍ਹਿਆ।

**ਡਾ. ਬਲਵਿੰਦਰ ਕੌਰ (ਹੋਮ ਸਾਇੰਸ)**

- ਏਸ਼ੀਆ ਪੈਸਿਫਿਕ Who's Who ਇੰਟਰਨੈਸ਼ਨਲ ਬਾਇਓਗ੍ਰਾਫੀ ਦੀ ਕਿਤਾਬ ਵਿੱਚ Biography ਛਪੀ।
- ਮਿਤੀ 13 ਦਸੰਬਰ 2016 ਨੂੰ ਅਕਾਲ ਡਿਗਰੀ ਕਾਲਜ ਸੰਗਰੂਰ ਵਿਖੇ ਫੈਸ਼ਨ ਡਿਜਾਇਨਿੰਗ ਵਿਸ਼ੇ ਦੀ ਚੋਣ ਲਈ ਡੀ.ਪੀ. ਕਾਲਜਾਂ ਦੇ ਨੁਮਾਇੰਦੇ ਵੱਜੋਂ ਡਿਊਟੀ ਨਿਭਾਈ।
- ਮਿਤੀ 23-25 ਜਨਵਰੀ 2017 ਨੂੰ ਆਈਸਰ ਮੋਹਾਲੀ (IISER) ਵੱਲੋਂ ਲਗਾਈ ਸਟ੍ਰੇਸ ਟੀਚਰ ਟ੍ਰੇਨਿੰਗ ਵਰਕਸ਼ਾਪ ਆਨ ਰਿਸਰਚ ਬੇਸਡ ਪੈਡਾਗੋਗੀਕਲ ਟੂਲਜ਼ ਵਿੱਚ ਸ਼ਿਰਕਤ ਕੀਤੀ।

**ਪ੍ਰੋ. ਜਤਿੰਦਰ ਜੈਨ (ਫਿਲਾਸਫ਼ੀ)**

- ਮਿਤੀ 3-4 ਮਾਰਚ 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਲਮਿਕੀ ਚੇਅਰ ਵਿਭਾਗ ਵਿਖੇ ICPR ਦਿੱਲੀ ਵੱਲੋਂ ਸਪਾਂਸਰਡ ਨੈਸ਼ਨਲ ਸੈਮੀਨਾਰ 'Philosophical Study of Yoga-Vashistha ਵਿੱਚ 'Role of Effort & Fate in Yoga-Vashistha ਵਿਸ਼ੇ ਤੇ ਪੇਪਰ ਪ੍ਰਸਤੁਤ ਕੀਤਾ।
- ਮਿਤੀ 29-30 ਨਵੰਬਰ 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗੋਬਿੰਦ ਸਿੰਘ ਡਿਪਾਰਟਮੈਂਟ ਆਫ਼ ਰਿਲੀਜ਼ਿਅਸ ਸਟਡੀਜ਼ ਵੱਲੋਂ ਆਯੋਜਿਤ ਨੈਸ਼ਨਲ ਸੈਮੀਨਾਰ 'Jain Dhayana-Sadhna and Preksha Meditation' ਵਿੱਚ Practice of Ethics and Meditation in Jainism ਵਿਸ਼ੇ ਤੇ ਪੇਪਰ ਪੜ੍ਹਿਆ।
- ਮਿਤੀ 20-21 ਦਸੰਬਰ 2016 ਨੂੰ National Human Rights Commission ਵੱਲੋਂ ਸਪਾਂਸਰਡ Human Rights ਵਿਸ਼ੇ ਤੇ ਦੋ ਰੋਜਾ ਟ੍ਰੇਨਿੰਗ ਪ੍ਰੋਗਰਾਮ MGSIPA ਰਿਜਨਲ ਸੈਂਟਰ ਵਿੱਚ ਸ਼ਿਰਕਤ ਕੀਤੀ।

**ਪ੍ਰੋ. ਬਰਿੰਦਰ ਕੌਰ (ਫੂਡ ਐਂਡ ਨਿਉਟ੍ਰਿਸ਼ਨ)**

- ਮਿਤੀ 25-4-2016 ਨੂੰ 'Say No to Ragging' ਵਿਸ਼ੇ ਤੇ ਹੋਸਟਲ ਦੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਰੈਗਿੰਗ ਦੇ ਬੁਰੇ ਪ੍ਰਭਾਵ ਤੋਂ ਜਾਣੂ ਕਰਵਾਇਆ।

**ਡਾ. ਜੀਵਨ ਬਾਲਾ (ਡਾਂਸ)**

- ਦਿੱਲੀ ਵਿਖੇ ਨੈਸ਼ਨਲ ਸੈਮੀਨਾਲ ਵਿੱਚ ਭਾਗ ਲਿਆ।

**ਪ੍ਰੋ. ਪ੍ਰੀਤਇੰਦਰ ਕੌਰ (ਸੰਗੀਤ ਵਾਦਨ)**

- ਮਿਤੀ 18-19 ਮਾਰਚ 2016 ਨੂੰ ਦਿਆਲਬਾਗ ਐਜੂਕੇਸ਼ਨ ਇੰਸਟੀਚਿਊਸ਼ਨ (ਡੀਮਡ ਯੂਨੀਵਰਸਿਟੀ) ਵਿਖੇ ਯੂ.ਜੀ.ਸੀ. ਸਪਾਂਸਰਡ ਦੋ ਰੋਜ਼ਾ ਨੈਸ਼ਨਲ ਸੈਮੀਨਾਰ ਵਿੱਚ ਰਿਸਰਚ ਪੇਪਰ ਪੜ੍ਹਿਆ। ਮਿਤੀ 23 ਮਾਰਚ 2016 ਨੂੰ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਸ਼ਿਮਲਾ ਵਿਖੇ ਰਾਸ਼ਟਰੀ ਸੈਮੀਨਾਰ ਵਿੱਚ ਵੀ ਰਿਸਰਚ ਪੇਪਰ ਪੜ੍ਹਿਆ। ਮਈ 2016 ਵਿੱਚ ਗੁਰਮਤਿ ਗਿਆਨ ਅੰਤਰ ਰਾਸ਼ਟਰੀ ਮੈਗਜ਼ੀਨ ਵਿੱਚ ਇੱਕ ਖੋਜ ਪੱਤਰ ਛਪਿਆ। ਜੁਲਾਈ 2016 ਵਿੱਚ ਸੰਗੀਤ ਅਤੇ ਡਾਂਸ ਦੇ ਅੰਤਰ ਰਾਸ਼ਟਰੀ ਜਰਨਲ 'ਨਾਦ ਨਰਤਨ' ਵਿੱਚ ਇੱਕ ਰਿਸਰਚ ਪੇਪਰ "ਗੁਰਮਤਿ ਸੰਗੀਤ ਦੇ ਪ੍ਰਮੁੱਖ ਵਾਦਯ" ਇੱਕ ਵਿਸ਼ਲੇਸ਼ਣ ਛਪਿਆ। ਜੁਲਾਈ 2016 ਵਿੱਚ ਹੀ ਸੰਗੀਤ ਦੇ ਅੰਤਰ ਰਾਸ਼ਟਰੀ ਜਰਨਲ 'ਰਿਸਰਚ ਰਾਇਵਲ' ਵਿੱਚ ਇੱਕ ਖੋਜ ਪੱਤਰ 'ਗੁਰਮਤਿ ਸੰਗੀਤ ਏਕ ਵਿਸ਼ਲੇਸ਼ਣਾਤਮਕ ਅਧਿਐਨ' ਛਪਿਆ। 5 ਨਵੰਬਰ 2016 ਨੂੰ ਖਾਲਸਾ ਕਾਲਜ (Autonomous College)

ਪਟਿਆਲਾ ਵਿਖੇ ਇੱਕ ਰੋਜਾ UGC ਸਪਾਂਸਰਡ ਰਾਸ਼ਟਰੀ ਕਾਨਫਰੰਸ ਵਿੱਚ ਵੀ ਇੱਕ ਰਿਸਰਚ ਪੇਪਰ ਪੜ੍ਹਿਆ।

**ਡਾ. ਜਗਮੋਹਨ ਸ਼ਰਮਾ – ਐਸੋਸੀਏਟ ਪ੍ਰੋਫੈਸਰ (ਸੰਗੀਤ ਵਾਦਨ)**

- ਪ੍ਰਾਚੀਨ ਕਲਾ ਕੇਂਦਰ, ਚੰਡੀਗੜ ਦੀ 7ਵੀਂ ਕੰਨਵੋਕੇਸ਼ਨ (ਨੋਰਥ-ਜ਼ੋਨ) ਮੌਕੇ ਪੰਜਾਬ ਕਲਾ ਭਵਨ ਵਿਖੇ ਕੀ-ਨੋਟ ਐਡਰੇਸ ਪੜ੍ਹਣ ਦਾ ਮਾਨ ਪ੍ਰਾਪਤ ਹੋਇਆ।
- ਇੱਕ ਖੋਜਾਰਥੀ ਨੇ ਪੀ.ਐਚ.ਡੀ. ਲਈ ਪ੍ਰੀ-ਸਬਮਿਸ਼ਨ ਪੜ੍ਹਿਆ। ਪੰਜ ਵਿਦਿਆਰਥੀਆਂ ਨੇ ਸਾਲਾਨਾ ਸੈਮੀਨਾਰ ਦਿੱਤੇ। ਤਿੰਨ ਵਿਦਿਆਰਥੀ ਪੀ.ਐਚ.ਡੀ. ਲਈ ਐਨਰੋਲਡ ਹਨ।
- ਬਤੌਰ ਥਿਊਰੀ ਅਤੇ ਪ੍ਰੈਕਟੀਕਲ ਪ੍ਰੀਖਿਅਕ ਐਮ.ਏ., ਐਮ.ਫਿਲ. ਅਤੇ ਪੀ.ਐਚ.ਡੀ. ਲਈ ਹਿਮਾਚਲ ਯੂਨੀਵਰਸਿਟੀ, ਸ਼ਿਮਲਾ, ਕੁਰਕਸ਼ੇਤਰ ਯੂਨੀਵਰਸਿਟੀ, ਕੁਰਕਸ਼ੇਤਰ, ਹੇਮਵਤੀ ਨੰਦਨ ਬਹੁਗੁਣਾ ਗੜ੍ਹਵਾਲ ਯੂਨੀਵਰਸਿਟੀ, ਸ੍ਰੀ ਨੰਗਰ (ਉੱਤਰਾਖੰਡ) ਅਤੇ ਦਿਆਲਬਾਗ਼ ਐਜੂਕੇਸ਼ਨ ਇੰਸਟੀਚਿਊਟ (ਡੀਮਡ ਯੂਨੀ.) ਦਿਆਲਬਾਗ਼, ਆਗਰਾ ਵਿਖੇ ਡਿਊਟੀ ਨਿਭਾਈ।
- ਪੰਜਾਬ ਯੂਨੀ., ਚੰਡੀਗੜ੍ਹ, ਪੀ.ਟੀ.ਯੂ. ਜਲੰਧਰ, ਕੁਰਕਸ਼ੇਤਰ ਯੂਨੀ. ਕੁਰਕਸ਼ੇਤਰ ਅਤੇ ਐਮ.ਡੀ. ਯੂਨੀ. ਰੋਹਤਕ ਵਿਖੇ ਹੋਏ 21ਵੇਂ ਨੈਸ਼ਨਲ ਯੂਥ ਫੈਸਟੀਵਲ 2017 ਵਿੱਚ ਬਤੌਰ ਜੱਜ ਦੀ ਭੂਮਿਕਾ ਨਿਭਾਈ।
- ਐਸ.ਯੂ.ਐਸ. ਸਰਕਾਰੀ ਕਾਲਜ, ਸੁਨਾਮ ਅਤੇ ਸਰਕਾਰੀ ਕਾਲਜ ਆਫ ਐਜੁਕੇਸ਼ਨ, ਪਟਿਆਲਾ ਵਿਖੇ ਗੈਸਟ ਫੈਕਲਟੀ ਇਨ ਮਿਊਜਿਕ ਦੀ ਇੰਟਰਵਿਊ ਲਈ ਵਿਸ਼ਾ-ਮਾਹਿਰ ਵੱਜੋਂ ਕਾਰਜ ਕੀਤਾ।
- ਮਿਤੀ 2 ਜੁਲਾਈ 2016 ਨੂੰ ਨੋਰਥ ਜੋਨ ਕਲਚਰਲ ਸੈਂਟਰ, ਪਟਿਆਲਾ ਅਤੇ ਸਵਧਾ-ਗਰੁੱਪ ਆਫ ਪ੍ਰੋਫਾਰਮਿੰਗ ਆਰਟਸ (ਰਜਿ.) ਵੱਲੋਂ ਕਰਵਾਏ CONVIVIAL – 16 ਪ੍ਰੋਗਰਾਮ ਵਿੱਚ ਬਤੌਰ ਗੈਸਟ ਆਫ ਆਨਰ ਸ਼ਿਰਕਤ ਕੀਤੀ।
- ਸਰਕਾਰੀ ਕਾਲਫ ਆਫ ਐਜੁਕੇਸ਼ਨ, ਪਟਿਆਲਾ ਵਿਖੇ 18 ਅਤੇ 19 ਜੁਲਾਈ 2016 ਨੂੰ ਵਿਦਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਲਈ ਡੈਮੋਸਟਰੇਸ਼ਨ ਲੈਕਚਰ ਦਿੱਤੇ।
- ਮਿਤੀ 5 ਨਵਬੰਰ 2016 ਨੂੰ ਖਾਲਸਾ ਕਾਲਜ, ਪਟਿਆਲਾ ਵਿਖੇ ਯੂ.ਜੀ.ਸੀ. ਪ੍ਰਯੋਜਕ ਇੱਕ ਰੋਜਾ ਨੈਸ਼ਨਲ ਕਾਨਫਰੰਸ ਵਿੱਚ ਵਿਸ਼ਾ Redefining Classical, Semi Classical & Light Music in the Present Context ਅਧੀਨ ਇੱਕ ਟੈਕਨੀਕਲ ਸੈਸ਼ਨ ਦਾ ਚੇਅਰਪਰਸਨ ਵੱਜੋਂ ਭੂਮਿਕਾ ਨਿਭਾਈ।
- 9 ਅਪ੍ਰੈਲ 2017 ਨੂੰ ਗੁਰੂ ਨਾਨਕ ਕਾਲਜ ਬੁਢਲਾਢਾ ਵਿਖੇ ਇੱਕ ਰੋਜਾ ਨੈਸ਼ਨਲ ਕਾਨਫਰੰਸ ਦੇ Technical Session ਵਿੱਚ ਚੇਅਰਮੈਨ ਵੱਜੋਂ ਭੂਮਿਕਾ ਨਿਭਾਈ। ਕਾਨਫਰੰਸ ਦਾ ਵਿਸ਼ਾ ਸੀ – Transformation of Music & Music Education.

**ਪ੍ਰੋ. ਸੋਨੀਆ (ਅੰਗ੍ਰੇਜ਼ੀ)**

- ਰੈਡ ਕਰਾਸ ਵੱਲੋਂ ਚਲਾਏ ਜਾ ਰਹੇ Deaf & Dumb ਸਕੂਲ ਦੇ ਲੀਗਲ ਏਡ ਫੋਰਮ ਨਾਲ ਜੁੜੇ।
- ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ Home for orphans and destitutes ਦੀਆਂ ਕਲਿਆਣਕਾਰੀ ਗਤੀਵਿਧੀਆਂ ਨਾਲ ਜੁੜੇ।
- ਮਿਤੀ 10 ਦਸੰਬਰ 2016 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ 'Judicial Rights of Women' ਤੇ ਇੱਕ ਪਰਚਾ ਪੜਿਆ।
- ਮਿਤੀ 11 ਜਨਵਰੀ 2017 ਨੂੰ Women Empowerment ਤੇ ਰੇਡੀਓ ਬਾਤਚੀਤ ਕੀਤੀ।

- ਮਿਤੀ 1 ਫਰਵਰੀ 2017 ਨੂੰ ਚਿਲਡਰਨ ਹੋਮ ਬਠਿੰਡਾ ਵਿਖੇ Necessity of Discipline ਤੇ ਭਾਸ਼ਣ ਦਿੱਤਾ।
- ਮਿਤੀ 17 ਮਾਰਚ 2017 ਨੂੰ ਚਿਲਡਰਨ ਹੋਮ ਬਠਿੰਡਾ ਵਿਖੇ Persoal Hygiene & General Health ਤੇ ਵਿਸਤਾਰ ਭਾਸ਼ਣ ਦਿੱਤਾ।

**ਪ੍ਰੋ. ਨੀਤਾ ਮੈਨਰੋ (ਅੰਗ੍ਰੇਜ਼ੀ)**

- ਮਿਤੀ 1 ਸਤੰਬਰ 2016 ਨੂੰ ਫੰਕਸ਼ਨ ਇੰਗਲਿਸ਼ ਦੀਆਂ ਵਿਦਿਆਰਥਣਾਂ ਨੇ ਪ੍ਰੋ. ਨੀਤਾ ਮੈਨਰੋ ਦੀ ਅਗਵਾਈ ਹੇਠ ਆਨ ਇੰਡੀਆ ਰੇਡੀਓ, ਪਟਿਆਲਾ ਵਿਖੇ 'Safety on Girls in Society' ਵਿਸ਼ੇ ਤੇ discussion ਵਿੱਚ ਭਾਗ ਲਿਆ। ਬਾਅਦ ਵਿੱਚ ਇਹ ਪ੍ਰੋਗਰਾਮ ਪ੍ਰਸਾਰਿਤ ਵੀ ਹੋਇਆ।
- ਮਿਤੀ 10 ਅਕਤੂਬਰ 2016 ਨੂੰ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ 'Position of women in India in the Present Scenario' ਤੇ ਪੇਪਰ ਪੜ੍ਹਿਆ।
- ਸਰਕਾਰੀ ਕਾਲਜ ਮੋਹਾਲੀ ਦੇ Tech Fest 2017 ਵਿੱਚ Extempore Speech Competition ਵਿੱਚ ਜੱਜ ਦੀ ਭੂਮਿਕਾ ਨਿਭਾਈ।
- 26 ਮਾਰਚ 2017 ਨੂੰ ਪੰਜਾਬੀ ਜਾਗਰਣ ਵਿੱਚ ਇੱਕ ਕਵਿਤਾ 'ਬਸੰਤ' ਪ੍ਰਕਾਸ਼ਿਤ ਹੋਈ।

**ਪ੍ਰੋ. ਹਰਪ੍ਰੀਤ ਕੌਰ (ਅੰਗ੍ਰੇਜ਼ੀ)**

- ਪੰਜਾਬੀ ਯੂਨੀਵਰਸਿਟੀ ਸੈਨੇਟ ਵਿੱਚ ਬਤੌਰ ਫੈਲੋਅ ਹਾਜਰੀ ਭਰੀ।
- ਮਿਤੀ 2 ਮਾਰਚ 2017 ਨੂੰ ਅੰਗ੍ਰੇਜ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਰਵਾਏ ਗਏ ਲੈਕਚਰ 'Women Bodies' ਵਿੱਚ ਸ਼ਮੂਲੀਅਤ ਕੀਤੀ।
- 23 ਮਾਰਚ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗ੍ਰੇਜ਼ੀ ਵਿਭਾਗ ਵਿੱਚ ਆਯੋਜਿਤ ਨੈਸ਼ਨਲ ਸੈਮੀਨਾਰ ਵਿੱਚ ਸ਼ਿਰਕਤ ਕੀਤੀ।

**ਪ੍ਰੋ. ਅਰੁਨਦੀਪ (ਪੰਜਾਬੀ)**

- 5 ਅਗਸਤ 2016 ਨੂੰ ਡਾ. ਬੀ.ਆਰ. ਅੰਬੇਦਕਰ ਦੇ 125ਵੇਂ ਜਨਮ ਦਿਨ ਸੰਬੰਧੀ ਰਾਸ਼ਟਰੀ ਸੈਮੀਨਾਰ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸ਼ਿਰਕਤ ਕੀਤੀ।
- 17 ਜਨਵਰੀ ਤੋਂ 19 ਜਨਵਰੀ 2017 ਤੱਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ 33ਵੀਂ ਅੰਤਰ ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਵਿੱਚ ਬਤੌਰ ਡੈਲੀਗੇਟ ਸ਼ਿਰਕਤ ਕੀਤੀ।

➢ **ਵਿਸ਼ੇਸ਼ ਪ੍ਰਾਪਤੀਆਂ**

❖ **ਖੇਡਾਂ**

ਪੜ੍ਹਾਈ ਦੇ ਨਾਲ-ਨਾਲ ਕਾਲਜ ਦੀਆਂ ਵਿਦਿਆਰਥਣਾਂ ਨੇ ਖੇਡਾਂ ਵਿੱਚ ਵੀ ਸ਼ਾਨਦਾਰ ਪ੍ਰਾਪਤੀਆਂ ਕਰਕੇ ਕਾਲਜ ਦਾ ਮਾਣ ਵਧਾਇਆ ਹੈ।

- ਅਨੁਰਾਧਾ ਦੁਬੈ ਬੀ.ਏ.-2 ਰੋਲ ਨੰਬਰ 1871 ਨੇ ਅੰਤਰ ਕਾਲਜ ਮੁਕਾਬਲਿਆਂ ਦੌਰਾਨ ਵੁਸ਼ੂ ਮਾਰਸ਼ਲ ਵਿੱਚ ਸੋਨ ਤਮਗਾ ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ 2 ਸੋਨੇ ਦੇ ਇੱਕ ਕਾਂਸੀ ਦਾ ਤਮਗਾ ਹਾਸਿਲ ਕੀਤਾ।25ਵੀਂ ਸੀਨੀਅਰ ਨੈਸ਼ਨਲ ਵੁਸ਼ੂ ਚੈਂਪੀਅਨਸ਼ਿਪ ਵਿੱਚ ਇੱਕ ਚਾਂਦੀ ਦਾ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ।

- ਪੱਲਵੀ ਰਾਣਾ (ਬੀ.ਏ.-1 ਰੋਲ ਲੰਬਰ 708 ) ਨੇ 29ਵੀਂ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਜੋ ਕਿ ਜੈਪੁਰ (ਰਾਜਾਸਥਾਨ ) ਵਿਖੇ ਹੋਈ, ਦੌਰਾਨ ਨੈੱਟ ਬਾਲ ਵਿੱਚ ਸੋਨ ਤਮਗਾ ਹਾਸਿਲ ਕੀਤਾ।ਅੰਡਰ 19 ਸਟੇਟ ਚੈਂਪੀਅਨਸ਼ਿਪ ਵਿੱਚ ਜਿੱਤ ਹਾਸਿਲ ਕੀਤੀ।
- ਲਕਸ਼ਮੀ (ਬੀ.ਏ.-1 ਰੋਲ ਲੰਬਰ 600) ਨੇ ਸੀਨੀਅਰ ਸਟੇਟ ਚੈਂਪੀਅਨਸ਼ਿਪ ਦੌਰਾਨ ਵਾਲੀਵਾਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਯੂਥ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਹਾਸਿਲ ਕੀਤਾ।
- ਨਵਜੋਤ ਕੌਰ (ਬੀ.ਏ-2 ਰੋਲ ਨੰਬਰ 2123) ਨੇ 1500 ਮੀਟਰ ਰੇਸ ਦੇ ਅੰਤਰ ਕਾਲਜ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਿਲ ਕੀਤਾ ।ਸਰੀਰਕ ਸਿੱਖਿਆ ਵਿਭਾਗ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਖੇਡਾਂ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਭਾਗ ਲਿਆ:

  ਹੈਂਡਬਾਲ(ਸਮਾਣਾ), ਵਾਲੀਵਾਲ (ਭਾਗੂ ਮਾਜਰਾ), ਗੱਤਕਾ (ਬੁਢਲਾਡਾ), ਜੂਡੋ (ਸ਼੍ਰੀ ਆਨੰਦਪੁਰ ਸਾਹਿਬ), ਕਬੱਡੀ (ਜਖੇਪਲ) ਅਥਲੈਟਿਕਸ ( ਯੂਨੀ: ਪਟਿਆਲਾ), ਬੈਡਮਿੰਟਨ (ਪਟਿਆਲਾ)

❖ **ਐਨ.ਸੀ.ਸੀ.**

- ਐਨ.ਸੀ.ਸੀ. ਆਰਮੀ ਵਿੰਗ ਵਿੱਚ ਕੁੱਲ 160 ਕੈਡਿਟ ਹਨ।ਲਗਭਗ 63 ਕੈਡਿਟਾਂ ਨੈ 01 ਅਪ੍ਰੈਲ ਤੋਂ 10 ਅਪ੍ਰੈਲ 2016 ਤੱਕ ਕਾਲਜ ਵਿਖੇ ਲਗਾਏ ਯੋਗਾ ਕੈਂਪ ਵਿੱਚ ਭਾਗ ਲਿਆ।
- 10 ਕੈਡਿਟਾਂ ਨੇ 16 ਜੂਨ ਤੋਂ 30 ਜੂਨ 2016 ਮਿਲਟਰੀ ਹਸਪਤਾਲ ਆਰਮੀ ਅਟੈਚਮੈਂਟ ਪਟਿਆਲਾ ਵਿਖੇ ਫਰਸਟ ਏਡ ਕੈਂਪ ਲਗਾਇਆ ਤੇ ਸਰਟੀਫਿਕੇਟ ਹਾਸਿਲ ਕੀਤੇ।
- 21 ਜੂਨ 2016 ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਵਿੱਚ ਕੈਡਿਟਾਂ ਨੇ ਭਾਗ ਲਿਆ ।
- 20 ਕੈਡਿਟਾਂ ਨੇ 26 ਜੂਨ 2016 ਨੂੰ ਵਾਈ.ਪੀ.ਐਸ. ਵਿਖੇ ਡਰਿਲ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।
- 15 ਅਗਸਤ 2016 ਨੂੰ ਵਾਈ.ਪੀ.ਐਸ. ਸਟੇਡੀਅਮ ਵਿਖੇ ਡਰਿਲ ਮੁਕਾਬਲੇ ਵਿੱਚ 31 ਕੈਡਿਟਾਂ ਨੇ ਦੂਜਾ ਸਥਾਨ ਹਾਸਿਲ ਕੀਤਾ।4 ਕੈਡਿਟਾਂ ਨੇ (29 ਅਗਸਤ ਤੋਂ 12 ਸਤੰਬਰ 2016) ਤੱਕ ਜਲੰਧਰ ਵਿਖੇ ਆਰਮੀ ਅਟੈਚਮੈਂਟ ਕੈਂਪ ਵਿੱਚ ਭਾਗ ਲਿਆ ਅਤੇ ਗੋਲਡ ਮੈਡਲ ਅਤੇ ਬੈਸਟ ਕੈਡਿਟ ਸੀਨੀਅਰ ਦੀ ਟਰਾਫੀ ਹਾਸਿਲ ਕੀਤੀ।
- 53 ਕੈਡਿਟਾਂ ਨੈ ਐਨ.ਸੀ.ਸੀ. ਸਲਾਨਾ ਟਰੇਨਿੰਗ ਕੈਂਪ , ਰੋਪੜ (25 ਸਤੰਬਰ -4 ਅਕਤੂਬਰ 2016) ਵਿੱਚ ਭਾਗ ਲਿਆ ਤੇ ਡਰਿਲ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਗੋਲਡ ਮੈਡਲ , ਬੈਸਟ ਕੈਡਿਟ ਲਈ ਟਰਾਫੀ ਹਾਸਿਲ ਕੀਤੀ।
- ਰਮਨਦੀਪ ਕੌਰ, ਲਖਵਿੰਦਰ ਕੌਰ, ਰੁਪਿੰਦਰ ਕੌਰ ਨੇ ਟੈਬਲ ਡਰਿਲ ਵਿੱਚ ਗੋਲਡ ਮੈਡਲ ਹਾਸਿਲ ਕੀਤਾ।
- ਮਨਪ੍ਰੀਤ ਕੌਰ, ਰਮਨਪ੍ਰੀਤ ਕੌਰ, ਅਮਨਦੀਪ ਕੌਰ, ਰੁਪਿੰਦਰ ਕੌਰ, ਰਮਨਦੀਪ ਕੌਰ, ਲਖਵਿੰਦਰ ਕੌਰ, ਸ਼ਹਿਨਾਜ , ਆਸ਼ਾਰਾਣੀ , ਅਮਨਦੀਪ ਕੌਰ, ਰੁਪਿੰਦਰ ਕੌਰ , ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ , ਜੈਸਮੀਨ, ਸ਼ਰਨਜੀਤ ਕੌਰ ਨੇ ਗਿੱਧੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।
- ਕੁਲਦੀਪ ਕੌਰ ਨੇ 25 ਸਤੰਬਰ ਤੋਂ 26 ਜਨਵਰੀ 2017 ਤੱਕ RDC ਕੈਂਪ ਲਗਾਇਆ ਤੇ 23 ਫਰਵਰੀ 2017 ਨੂੰ ਕੁਲਦੀਪ ਕੌਰ ਨੂੰ ਗਵਰਨਰ ਵਲੋਂ ਸਨਮਾਨਿਤ ਕੀਤਾ ਗਿਆ।

- 14 ਨਵੰਬਰ ਤੋਂ 23 ਨਵੰਬਰ ਤੱਕ ਪਟਿਆਲਾ ਵਿਖੇ ਸਾਲਾਨਾ ਟ੍ਰੇਨਿੰਗ ਕੈਂਪ ਲਗਾਇਆ ਅਤੇ ਡਰਿਲ , ਗਰੁੱਪ ਡਾਂਸ , ਗਰੁੱਪ ਗੀਤ ਵਿੱਚ ਮੈਡਲ ਹਾਸਲ ਕੀਤੇ । ਪ੍ਰਿਅੰਕਾ ਸ਼ਰਮਾ ਨੇ ਫਾਇਰਿੰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।
- 01 ਦਸੰਬਰ 2016 ਨੂੰ **ਵਿਸ਼ਵ ਏਡਜ਼** ਦਿਵਸ ਦੇ ਮੌਕੇ ਇੰਚਾਰਜ ਪ੍ਰੋ. ਕੁਲਵਿੰਦਰ ਕੌਰ ਦੀ ਅਗਵਾਈ ਹੇਠ ਚੇਤਨਾ ਰੈਲੀ ਕੱਢ ਕੇ ਇਸ ਭਿਆਨਕ ਬਿਮਾਰੀ ਬਾਰੇ ਸੁਚੇਤ ਕੀਤਾ।
- ਜਨਵਰੀ ਮਹੀਨੇ ਵਿੱਚ ਦਸਤਖਤ ਮੁਹਿੰਮ , ਜਾਗੋ, ਕੈਂਡਲ ਮਾਰਚ ਰਾਂਹੀ ਲੋਕਾਂ ਨੂੰ ਵੋਟ ਅਧਿਕਾਰ ਪ੍ਰਤੀ ਜਾਗਰੂਕ ਕੀਤਾ ।ਇਸ ਮਹੀਨੇ ਹੀ ਮਿ: ਰੈਨਾ (ਜਨਰਲ ਮੈਨੇਜਰ SBI) ਨੇ ਡਿਜੀਟਲ ਇੰਡੀਆ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿੱਤੀ।**VITTYA SAKSHARATA ABHIYAAN** ਅਧੀਨ ਵਾਈ.ਪੀ.ਐਸ. ਮਾਰਕੀਟ ਵਿੱਚ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਧੀਨ ਆਧਾਰ ਕਾਰਡ, ਪੈਨ ਕਾਰਡ NET ਬੈਂਕਿੰਗ ਬਾਰੇ ਦੱਸਿਆ।
- 29 ਮਾਰਚ 2017 ਨੂੰ **WORLD FOREST DAY** ਤੇ **WORLD WATER DAY** ਮਨਾਇਆ ਗਿਆ।ਇਸ ਮੁਹਿੰਮ ਅਧੀਨ ਪੌਦੇ ਲਗਾਏ , ਰੈਲੀ ਰਾਂਹੀ ਪਾਣੀ ਬਚਾਉਣ ਦਾ ਸੰਦੇਸ਼ ਦਿੱਤਾ।
- 02 ਅਪ੍ਰੈਲ 2017 ਨੂੰ 10 ਕੈਡਿਟਾਂ ਨੇ ਪਲਸ ਪੋਲਿਓ ਕੈਂਪ ਵਿੱਚ ਹਿੱਸਾ ਲਿਆ।

## ❖ ਕੌਮੀ ਸੇਵਾ ਯੋਜਨਾ

ਇਸ ਸਮੇਂ ਕਾਲਜ ਵਿੱਚ ਐਨ.ਐਸ.ਐਸ. ਦੇ **ਤਿੰਨ ਯੂਨਿਟ** ਹਨ ਜਿਹਨਾਂ ਵਿੱਚ **300** ਵਲੰਟੀਅਰ ਸ਼ਾਮਿਲ ਹਨ।ਐਨ.ਐਸ.ਐਸ. ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰੋਗਰਾਮ ਅਫਸਰ ਪ੍ਰੋ. ਕੰਵਲਜੀਤ ਕੌਰ ਅਤੇ ਪ੍ਰੋਗਰਾਮ ਅਫਸਰ ਅਰੁਨਦੀਪ ਕੌਰ, ਸੇਵਾਵਾਂ ਨਿਭਾ ਰਹੇ ਹਨ।

ਇਸ ਵਿਭਾਗ ਵੱਲੋਂ 3 ਇੱਕ ਰੋਜ਼ਾ ਤੇ ਇੱਕ ਸੱਤ ਰੋਜ਼ਾ ਕੈਂਪ ਲਗਾਏ ਗਏ ਹਨ। ਐਨ.ਐਸ.ਐਸ. ਵੱਲੋਂ ਵੱਖ-ਵੱਖ ਸਮੇਂ **ਕਾਲਜ ਕੈਂਪਸ ਤੇ ਪਿੰਡ ਖੇੜੀ ਗੁਜਰਾਂ** ਵਿਖੇ ਸਫਾਈ ਮੁਹਿੰਮ ਚਲਾਈ ਗਈ, ਚੇਤਨਾ ਰੈਲੀਆਂ ਰਾਂਹੀ ਕਾਲਜ ਵਿਦਿਆਰਥਣਾਂ ਤੇ ਪਿੰਡ ਵਾਸੀਆਂ ਨੂੰ ਸਵੱਛਤਾ ਸੰਬੰਧੀ , ਬੇਟੀ ਬਚਾਉਣ ਤੇ ਬੇਟੀ ਪੜ੍ਹਾਉਣ ਪਰਾਲੀ ਨਾ ਜਲਾਉਣ, ਵਾਤਾਵਰਣ ਸਾਫ ਸੁਥਰਾ ਰੱਖਣ, ਵਧ ਤੋਂ ਵੱਧ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ ਗਿਆ।**ਅਧਿਆਪਕ ਦਿਵਸ, ਐਨ.ਐਸ.ਐਸ. ਸਥਾਪਨਾ ਦਿਵਸ , ਝੰਡਾ ਦਿਵਸ, ਰਾਸ਼ਟਰੀ ਏਕਤਾ ਦਿਵਸ , ਵੋਟਰ ਦਿਵਸ ਆਦਿ ਮਨਾਏ ਗਏ।**

***INNER WHEEL CLUB*** ਦੇ ਮਿਸ਼ਨ **EACH ONE, REACH ONE TEACH ONE** ਨਾਲ ਜੁੜਕੇ 32 ਵਲੰਟੀਅਰ ਇਸ ਸਮੇਂ ਬਾਲਗ ਸਿੱਖਿਆ ਪ੍ਰਦਾਨ ਕਰ ਰਹੇ ਹਨ।7 ਰੋਜਾ ਕੈਂਪ ਦੌਰਾਨ ਜਿਲਾ ਟਰੈਫਿਕ ਇੰਚ: ਸ. ਕਰਨੈਲ ਸਿੰਘ ਅਤੇ ASI ਸ. ਗੁਰਜਾਪ ਸਿੰਘ ਨੇ ਟਰੈਫਿਕ ਸਿਗਨਲਜ਼ ਤੇ ਨਿਯਮਾਂ ਬਾਰੇ ਗਿਆਨ ਵਰਧਕ ਲੈਕਚਰ ਦਿੱਤਾ।ਰਿਟਾ: ਕਰਨਲ ਬਿਸ਼ਨ ਦਾਸ ਜੀ ਨੇ ਵਾਤਾਵਰਣ ਸੰਭਾਲ , ਡਾ. ਬਲਵਿੰਦਰ ਕੌਰ ਚੀਮਾ ਨੇ ਸਿਹਤ ਸੰਭਾਲ ਵਿਸ਼ੇ ਤੇ ਲੈਕਚਰ ਦਿੱਤਾ।ਵਲੰਟੀਅਰ ਸਮੇਂ-ਸਮੇਂ ਤੇ ਅਨਾਥ ਆਸ਼ਰਮਾਂ ਤੇ ਪਿੰਗਲਾ ਆਸ਼ਰਮ ਜਾ ਕੇ ਖਾਣ ਖੀਣ ਦੀਆਂ ਵਸਤਾਂ, ਕਪੜੇ ਆਦਿ ਦਾਨ ਕਰਦੇ ਹਨ, ਉਹਨਾਂ ਨਾਲ ਸਮਾਂ ਬਿਤਾਉਂਦੇ ਹਨ ਤੇ ਉੱਥੇ ਬੂਟੇ ਵੀ ਲਗਾਉਂਦੇ ਹਨ, ਦੋ ਵਲੰਟੀਅਰਾਂ ਅਨਮੋਲਦੀਪ ਕੌਰ ਅਤੇ ਕੁਲਵਿੰਦਰ ਕੌਰ ਨੇ ਖੂਨ ਦਾਨ ਵੀ ਕੀਤਾ।

24-30 ਦਸੰਬਰ 2016 ਨੈਸ਼ਨਲ ਖਪਤਕਾਰ ਸੁਰੱਖਿਆ ਸਪਤਾਹ ਦੌਰਾਨ ਪੋਸਟਰ ਮੇਕਿੰਗ ਮੁਕਾਬਲਾ ਕਰਾਇਆ। **"ਜਾਗੋ ਗ੍ਰਾਹਕ ਜਾਗੋ"** ਦਾ ਨਾਅਰਾ ਬੁਲੰਦ ਕਰਦਿਆਂ ਚੇਤਨਾ ਰੈਲੀ ਕੱਢੀ।12 ਜਨਵਰੀ 2017 ਨੂੰ **ਸੁਆਮੀ ਵਿਵੇਕਾਨੰਦ** ਦੇ ਜਨਮ ਦਿਹਾੜੇ ਨੂੰ ਰਾਸ਼ਟਰੀ ਯੁਵਾ ਦਿਵਸ ਦੇ ਰੂਪ ਵਿੱਚ ਮਨਾਇਆ। 12-14 ਜਨਵਰੀ 2017 ਦੌਰਾਨ ਵੱਖ-ਵੱਖ ਗਤੀਵਿਧੀਆਂ ਜਿਵੇਂ ਜਾਗਰੁਕਤਾ ਰੈਲੀ, ਪੋਸਟਰ ,ਸਲੋਗਨ , ਜਾਗੋ, ਹਸਤਾਖਰ ਮੁਹਿੰਮ ਰਾਂਹੀ 18 ਸਾਲ ਤੋਂ ਵੱਧ ਉਮਰ ਵਾਲੇ ਬੱਚਿਆਂ ਨੂੰ ਵੋਟ ਪਾਉਣ ਲਈ ਪ੍ਰੇਰਿਆ।17 ਜਨਵਰੀ 2017 ਨੂੰ ਡਾ. ਬਬਿੰਦਰ ਕੌਰ ਜੀ ਦਾ **ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ** ਜੀ ਦੀ ਦੇਣ ਸਬੰਧੀ ਲੈਕਚਰ ਕਰਾਇਆ ਗਿਆ।30 ਜਨਵਰੀ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ **ਛੇਵੀਂ ਐਨ.ਐਸ.ਐਸ. ਯੂਥ ਕਨਵੈਂਨਸ਼ਨ** ਵਿੱਚ 20 ਵਲੰਟੀਅਰਾਂ ਨੇ ਸਮੇਤ 2 ਪ੍ਰੋਗਰਾਮ ਅਫਸਰਾਂ ਦੇ, ਭਾਗ ਲਿਆ।ਇਸ ਕਨਵੈਂਨਸ਼ਨ ਵਿੱਚ **ਅਨਮੋਲਦੀਪ ਕੌਰ** (ਬੀ.ਏ.-3) ਨੂੰ **'ਸਰਵੋਤਮ ਵਲੰਟੀਅਰ'** ਐਲਾਨਿਆ ਗਿਆ।8 ਮਾਰਚ 2017 ਨੂੰ ਅੰਤਰ ਰਾਸ਼ਟਰੀ **ਮਹਿਲਾ ਦਿਵਸ** ਦੇ ਮੌਕੇ ਭਾਈ ਕਨੱਈਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਅਤੇ ਅਗਰਵਾਲ ਸਭਾ ਦੇ ਸਹਿਯੋਗ ਨਾਲ ਵਿਦਿਆਰਥਣਾਂ ਦਾ ਫਰੀ ਮੈਡੀਕਲ ਚੈਕਅੱਪ ਕਰਾਇਆ ਗਿਆ।ਇਸ ਮੌਕੇ ਰੈਲੀ ਕੱਢ ਕੇ "BE BOLD FOR CHANGE" ਦਾ ਨਾਅਰਾ ਵੀ ਬੁਲੰਦ ਕੀਤਾ ਗਿਆ।

## ❖ ਰੈੱਡ ਰਿਬਨ ਕਲੱਬ

ਪੰਜਾਬ ਵਿੱਚ ਸਿਹਤਮੰਦ ਯੁਵਕਾਂ ਦੇ ਵਿਕਾਸ ਨੂੰ ਮੁੱਖ ਰੱਖਦਿਆਂ ਯੁਵਕ ਸੇਵਾਵਾਂ ਪੰਜਾਬ, ਪਟਿਆਲਾ ਦੇ ਸਹਿਯੋਗ ਨਾਲ ਮਾਰਚ 2013 ਵਿੱਚ ਕੈਂਪਸ ਵਿੱਚ ਰੈੱਡ ਰਿਬਨ ਕਲੱਬ ਦਾ ਗਠਨ ਕੀਤਾ ਗਿਆ ਸੀ ਜੋ ਸਮੇਂ -ਸਮੇਂ ਸਿਰ ਰੈਲੀਆਂ , ਪੋਸਟਰ/ਸਲੋਗਨ ਮੁਕਾਬਲਿਆਂ , ਲੈਕਚਰਾਂ ਰਾਂਹੀ ਨਸ਼ੇ, ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਪ੍ਰਤੀ ਜਾਗਰੁਕ ਕਰਦਾ ਹੈ, ਨਾਲ ਹੀ ਸਵੈ-ਇਛੁੱਕ ਖੂਨਦਾਨ ਦੇ ਮਹੱਤਵ ਤੋਂ ਜਾਣੂ ਕਰਾਉਂਦਾ ਹੈ।ਇਸ ਕਲੱਬ ਵੱਲੋਂ ਮਿਤੀ 01.12.2016 ਨੂੰ "ਵਿਸ਼ਵ ਏਡਜ਼ ਦਿਵਸ" ਦੇ ਮੌਕੇ ਚੇਤਨਾ ਰੈਲੀ ਕੱਢ ਕੇ ਏਡਜ਼ ਪੀੜਤਾਂ ਤੋਂ ਨਫਰਤ ਨਾ ਕਰਨ ਦਾ ਸੁਨੇਹਾ ਦਿੱਤਾ ਗਿਆ।ਜਨਵਰੀ 2017 ਵਿੱਚ **"ਵੋਟਰ ਜਾਗਰੂਕਤਾ ਲਹਿਰ"** ਅਧੀਨ ਵਲੰਟੀਅਰਾਂ ਨੇ ਲੋਕਾਂ ਨੂੰ ਵੋਟ ਅਧਿਕਾਰ ਤੋਂ ਜਾਣੂ ਕਰਾਇਆ , 18 ਸਾਲ ਤੋਂ ਵੱਧ ਵਾਲੇ ਬੱਚਿਆਂ ਨੂੰ ਵੋਟ ਬਣਾਉਣ ਲਈ ਪ੍ਰੇਰਿਆ।12 ਜਨਵਰੀ 2017 ਨੂੰ **ਰਾਸ਼ਟਰੀ ਯੁਵਕ ਦਿਵਸ** ਦੇ ਰੂਪ ਵਿੱਚ ਮਨਾਉਂਦਿਆਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਹਿੱਤ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਸਹੁੰ ਚੁੱਕੀ।25 ਜਨਵਰੀ 2017 ਨੂੰ **ਰਾਸ਼ਟਰੀ ਵੋਟਰ ਦਿਵਸ** ਮਨਾਂਉਂਦਿਆਂ ਲੋਕਤੰਤਰ ਵਿੱਚ ਪੂਰਨ ਵਿਸ਼ਵਾਸ ਰੱਖਦਿਆਂ ਸ਼ਾਂਤੀਪੂਰਨ ਮਤਦਾਨ ਕਰਨ ਦੀ ਸਹੁੰ ਚੱਕੀ।8 ਮਾਰਚ 2017 ਨੂੰ **ਅੰਤਰ ਰਾਸ਼ਟਰੀ ਮਹਿਲਾ ਦਿਵਸ** ਮੌਕੇ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ ਤੇ ਕੁੜੀਆਂ ਨੂੰ ਅਨੀਮੀਆ ਤੋਂ ਬਚਣ ਦੇ ਉਪਾਅ ਦੱਸੇ ਗਏ।

## ❖ ਰੈੱਡ ਕਰਾਸ

- ਰੈੱਡ ਕਰਾਸ ਵਲੰਟੀਅਰਜ਼ ਨੇ , ਸਵੱਛ ਭਾਰਤ ਮਿਸ਼ਨ ਅਧੀਨ 03 ਸਤੰਬਰ 2016 ਨੂੰ ਪਿੰਡ ਖੇੜੀ ਗੁਜਰਾਂ ਵਿਖੇ ਚੇਤਨਾ ਰੈਲੀ ਕੱਢ ਕੇ ਪਿੰਡ ਵਾਸੀਆਂ ਨੂੰ ਆਲਾ-ਦੁਆਲਾ ਸਾਫ ਰੱਖਣ ਦਾ ਸੰਦੇਸ਼ ਦਿੱਤਾ।
- 22 ਸਤੰਬਰ 2016 ਨੂੰ ਜਿਲਾ ਕਾਨੂੰਨੀ ਜਾਗਰੂਕਤਾ ਸੇਵਾਵਾਂ ਦੇ ਸਹਿਯੋਗ ਨਾਲ ਕਾਲਜ ਵਿੱਚ ਕਾਨੂੰਨੀ ਸਾਖਰਤਾ ਸੰਬੰਧੀ ਕੈਂਪ ਲਗਾਇਆ।

- 24 ਸਤੰਬਰ 2016 ਨੂੰ ਰੈੱਡ ਕਰਾਸ ਦੇ ਇਤਿਹਾਸ ਅਤੇ ਉਦੇਸ਼ਾਂ ਸੰਬੰਧੀ , ਡਾ. ਜੋਗਿੰਦਰ ਪਾਲ ਸਿੰਘ ( ਸਰਕਾਰੀ ਮਹਿੰਦਰਾ ਕਾਲਜ ) ਦਾ ਲੈਕਚਰ ਕਰਾਇਆ।
- 15 ਨਵੰਬਰ 2016 ਨੂੰ ASI ਸ. ਗੁਰਜਾਪ ਸਿੰਘ ਵੱਲੋਂ ਟਰੈਫਿਕ ਨਿਯਮਾਂ ਸੰਬੰਧੀ ਲੈਕਚਰ ਕਰਾਇਆ।
- 14 ਫਰਵਰੀ ਤੋਂ 18 ਫਰਵਰੀ 2017 ਤੱਕ ਪੰਜ ਰੋਜਾ ਟਰੇਨਿੰਗ ਕੈਂਪ ਦੌਰਾਨ ਸ. ਜਸਪਾਲ ਸਿੰਘ (ਜਿਲ੍ਹਾ ਟਰੇਨਿੰਗ ਅਫਸਰ) ਨੇ 100 ਵਿਦਿਆਰਥਣਾਂ ਤੇ ਪ੍ਰੋ. ਕਵਲਜੀਤ ਕੌਰ,ਪ੍ਰੋ. ਕੰਵਲਜੀਤ ਕੌਰ , ਪ੍ਰੋ. ਅਰੁਨਦੀਪ, ਡਾ. ਅਮਨਦੀਪ ਕੌਰ ਨੂੰ First Aid, Home Nursing Health Awareness ਅਤੇ Disaster management ਦੀ ਟਰੇਨਿੰਗ ਦਿੱਤੀ। ਇਸ ਟਰੇਨਿੰਗ ਦੌਰਾਨ ਕ੍ਰਿਸ਼ਨਾ ਦੇਵੀ ਬੀ.ਏ.- 3 ਨੂੰ ਵਧੀਆ ਡਾਇਰੀ ਲਿਖਣ ਸਦਕਾ ਸਨਮਾਨਿਤ ਕੀਤਾ ਗਿਆ।
- 8 ਮਾਰਚ 2017 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਭਾਈ ਕਨੱਈਆ ਇੰਸਟੀਚਿਊਟ ਅਤੇ ਅਗਰਵਾਲ ਸਭਾ ਦੇ ਸਹਿਯੋਗ ਨਾਲ ਵਿਦਿਆਰਥਣਾਂ ਲਈ ਫਰੀ ਮੈਡੀਕਲ ਕੈਂਪ ਲਗਾਇਆ ਜਿਸ ਵਿੱਚ HB/BP/Height/Weight ਆਦਿ ਚੈੱਕ ਕੀਤੇ ਗਏ।ਮੈਡੀਕਲ Assosciation ਪ੍ਰਧਾਨ ਡਾ.ਰਾਕੇਸ਼ ਅਰੋੜਾ ਨੇ ਸਿਹਤ ਸੰਭਾਲ ਬਾਰੇ ਗਿਆਨ ਵਰਧਕ ਜਾਣਕਾਰੀ ਦਿੱਤੀ।

## ❖ ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ

ਕਿੱਤਾ ਅਗਵਾਈ ਅਤੇ ਪਲੇਸਮੈਂਟ ਸੈੱਲ ਨੇ ਮਿਤੀ 30.08.2016 ਨੂੰ ਬਾਟਨੀ ਵਿਭਾਗ ਦੇ ਸਹਿਯੋਗ ਨਾਲ Team Work And Leadership ਵਿਸ਼ੇ ਤੇ ਵਰਕਸ਼ਾਪ ਆਯੋਜਿਤ ਕੀਤੀ।12.09.2016 ਨੂੰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਂ ਨੇ ਵਿਦਿਆਰਥੀਆਂ ਨੂੰ ਕਿੱਤਾ ਚੋਣ ਸੰਬੰਧੀ ਲਾਹੇਵੰਦ ਲੈਕਚਰ ਦਿੱਤਾ ਅਤੇ ਰੋਜ਼ਗਾਰ ਦੇ ਵੱਖ-ਵੱਖ ਮੌਕਿਆਂ ਬਾਰੇ ਜਾਣਕਾਰੀ ਦਿੱਤੀ।ਇਸ ਦੌਰਾਨ ਸੈੱਲ ਇੰਚਾਰਜ ਡਾ. ਬਾਬਿੰਦਰ ਕੌਰ , ਡਾ. ਜਤਿੰਦਰ ਜੈਨ ਅਤੇ ਪ੍ਰੋ. ਸ਼ਾਮ ਸੁੰਦਰ ਨੇ ਵੀ ਵਿਦਿਆਰਥਣਾਂ ਨੂੰ ਸਮਝਾਇਆ ਕਿ ਕਿੱਤੇ ਦੀ ਸਹੀ ਚੋਣ ਹੀ ਸਫਲਤਾ ਦੀ ਪਹਿਲੀ ਪੌੜੀ ਹੈ ਅਤੇ ਬਿਨਾਂ ਮਿਹਨਤ ਕੀਤਿਆਂ ਕੋਈ ਪ੍ਰਾਪਤੀ ਨਹੀਂ ਹੁੰਦੀ।03.03.2017 ਨੂੰ **NORTHERN INDIA INSTITUTE OF FASHION TECHNOLOGY** ਦੇ ਫੈਕਲਟੀ ਮੈਂਬਰ ਡਾ. ਸਿਮਰਿਤਾ ਨੇ ਆਪਣੇ ਇੰਸਟੀਚਿਊਟ ਵਿੱਚ ਚੱਲ ਰਹੇ ਵੱਖ-ਵੱਖ ਕੋਰਸਾਂ ਬਾਰੇ ਜਾਣਕਾਰੀ ਦਿੱਤੀ।09.03.2017 ਨੂੰ ਪ੍ਰੋ. ਹਰਪ੍ਰੀਤ ਕੌਰ (ਅੰਗ੍ਰੇਜ਼ੀ ਵਿਭਾਗ ) ਵੱਲੋਂ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸਦਾ ਵਿਸ਼ਾ ਸੀ- ***"HOW TO MAKE RESUME"***

## ❖ ਕਾਨੂੰਨੀ ਸਾਖਰਤਾ ਸੈੱਲ

ਕਾਨੂੰਨੀ ਸਾਖਰਤਾ ਸੈੱਲ ਵੱਲੋਂ 22 ਸਤੰਬਰ 2016 ਨੂੰ ਕਾਲਜ ਵਿਖੇ ਰੈੱਡ ਕਰਾਸ ਦੇ ਸਹਿਯੋਗ ਨਾਲ ਕਾਨੂੰਨੀ ਸਾਖਰਤਾ ਤੇ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਵਕੀਲ ਸ਼੍ਰੀਮਤੀ ਗੁਰਕੀਰਤ ਕੌਰ ਅਤੇ PLV ਮਿਸਟਰ ਪੀ.ਕੇ. ਗੋਇਲ ਨੇ ਕਾਨੂੰਨੀ ਸੇਵਾਵਾਂ ਅਤੇ ਔਰਤਾਂ ਨਾਲ ਸਬੰਧਿਤ ਕਾਨੂੰਨੀ ਪੱਖਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।26 ਨਵੰਬਰ 2016 ਨੂੰ "ਸੰਵਿਧਾਨ ਦਿਵਸ" ਮਨਾਇਆ । ਇਸ ਮੌਕੇ ਤੇ ਪ੍ਰੋ. ਸ਼ਾਮ ਸੁੰਦਰ ਅਤੇ ਮੈਡਮ ਪੂਜਾ ਬਾਂਸਲ ਨੇ ਵਿਦਿਆਰਥਣਾਂ ਨੂੰ ਸੰਵਿਧਾਨ ਬਾਰੇ, ਡਾ. ਬੀ.ਆਰ. ਅੰਬੇਦਕਰ ਬਾਰੇ ਜਾਣਕਾਰੀ ਦਿੱਤੀ।

## ❖ **ਸਾਬਕਾ ਵਿਦਿਆਰਥੀ ਸਭਾ**

ਸਾਬਕਾ ਵਿਦਿਆਰਥੀ ਸਭਾ ਦੁਆਰਾ , ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਕੋਲੋਂ **39680/-ਰੁ:** ਦੀ ਰਾਸ਼ੀ ਇਕੱਠੀ ਕੀਤੀ ਗਈ ਜਿਸਨੂੰ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ , ਕਿਤਾਬਾਂ ਲਈ ਖਰਚ ਕੀਤਾ ਗਿਆ। ਮੈਡਮ ਅਰੁਨਦੀਪ ਨੇ ਬੀ.ਏ.(1,2,3) ਦੀਆਂ "ਪੰਜਾਬੀ " ਵਿਸ਼ੇ ਦੀਆਂ: ਕਿਤਾਬਾਂ OSA ਦੇ ਬੁੱਕ ਬੈਂਕ ਨੂੰ ਦਿੱਤੀਆਂ ਜੋ ਕਿ ਲੋੜਵੰਦ ਵਿਦਿਆਰਥੀਆਂ ਵਿੱਚ ਵੰਡੀਆਂ ਗਈਆਂ।ਪ੍ਰੋ. ਸ਼ਿਵਦੇਵ ਕੌਰ ਮਾਨ ਵੱਲੋਂ 33 ਡਸਟਬਿਨ ਮੁਹੱਈਆ ਕਰਵਾਏ ਗਏ ਜੋ ਕਿ ਕਾਲਜ ਕੈਂਪਸ , ਵਿਭਾਗਾਂ ਤੇ ਕਾਲਜ ਰੂਮਜ਼ ਵਿੱਚ ਰਖਵਾਏ ਗਏ। ਸਾਬਕਾ ਵਿਦਿਆਰਥੀ ਸਭਾ ਵੱਲੋਂ 31ਅਗਸਤ 2016 ਨੂੰ ਇੱਕ ਲੇਖ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ।

## ❖ **ਕਾਲਜ ਲਾਇਬ੍ਰੇਰੀ**

ਕਾਲਜ ਲਾਇਬ੍ਰੇਰੀ ਹਰ ਪੱਖੋਂ ਮੁਕੰਮਲ ਹੈ।ਇੱਥੇ ਵੱਖ-ਵੱਖ ਵਿਸ਼ਿਆ ਨਾਲ ਸਬੰਧਤ **56525** ਪੁਸਤਕਾਂ ਹਨ। ਪੁਸਤਕਾਂ ਦੀ ਜਾਣਕਾਰੀ ਕੰਪਿਊਟਰਾਈਜ਼ਡ ਹੋਣ ਕਰਕੇ ਸਟਾਫ਼ ਅਤੇ ਵਿਦਿਆਰਥਣਾਂ ਲਾਇਬ੍ਰੇਰੀ ਦਾ ਭਰਪੂਰ ਫਾਇਦਾ ਉਠਾ ਰਹੀਆਂ ਹਨ। ਇਸ ਸਮੇਂ ਲਾਇਬ੍ਰੇਰੀ ਵਿੱਚ **19** ਅਖ਼ਬਾਰ **71** ਰਸਾਲੇ ਆਉਂਦੇ ਹਨ ਜੋ ਕਿ ਵਿਦਿਆਰਥਣਾ ਨੂੰ ਕੰਪੀਟੀਸ਼ਨ ਵਾਸਤੇ ਅਪਡੇਟ ਕਰਨ ਲਈ ਮਦਦਗਾਰ ਹਨ। ਲਾਇਬ੍ਰੇਰੀ ਵਿੰਚ ਬੁੱਕ ਬੈਂਕ ਰਾਹੀਂ 20 ਵਿਦਿਆਰਥਣਾਂ ਨੂੰ ਪੂਰੇ ਸਾਲ ਲਈ ਪੁਸਤਕਾ ਮੁਹੱਈਆਂ ਕਰਵਾਈਆਂ ਗਈਆ।ਬੁੱਕ ਬੈਂਕ ਪ੍ਰੋਫੈਸਰ ਸਾਹਿਬਾਨ ਅਤੇ ਵਿਦਿਆਰਥਣਾਂ ਦੁਆਰਾ ਗਿਫ਼ਟ ਕੀਤੀਆ ਪੁਸਤਕਾਂ ਰਾਹੀਂ ਚੱਲ ਰਿਹਾ ਹੈ।

- **ਬਰਾਡਬੈਂਡ ਦੇ 2 ਇੰਟਰਨੈੱਟ ਕੁਨੈਕਸ਼ਨ** ਲਾਇਬ੍ਰੇਰੀ ਵਿੱਚ ਹੋਣ ਨਾਲ ਅਤੇ **4 ਕੰਪਿਊਟਰ** ਉਪਲਬਧ ਹੋਣ ਨਾਲ ਸਟਾਫ਼ ਅਤੇ ਵਿਦਿਆਰਥਣਾਂ ਨੇ ਵਿਦਿਅਕ ਕੰਮਾਂ ਲਈ ਇਸ ਦਾ ਭਰਪੂਰ ਫ਼ਾਇਦਾ ਉਠਾਇਆ ਹੈ।

- ਲਾਇਬ੍ਰੇਰੀ ਵਿੱਚ **e – resources** ਦਾ ਫਾਇਦਾ ਉਠਾਉਣ ਲਈ **N – list ਪ੍ਰੋਗਰਾਮ** ਸਬਸਕਰਾਈਬ ਕੀਤਾ ਗਿਆ ਹੈ ਜਿਸ ਦੇ ਤਹਿਤ 10,00,00 ਤੋਂ ਵੱਧ ਈ-ਪੁਸਤਕਾਂ ਅਤੇ **4000+ ਈ-ਜਰਨਲ** ਵਿਦਿਆਰਥੀਆਂ ਅਤੇ ਸਟਾਫ਼ ਨੂੰ ਮੁੱਹਈਆਂ ਕਰਾਏ ਗਏ ਹਨ। ਪਾਸਵਰਡ ਨਾਲ ਅਤੇ ਸਟਾਫ਼ ਅਤੇ ਵਿਦਿਆਰਥਣਾਂ ਘਰ ਬੈਠ ਕੇ ਹੀ ਇੰਟਰਨੈੱਟ ਤੇ ਇਸ ਦਾ ਫਾਇਦਾ ਉਠਾ ਸਕਦੇ ਹਨ।

- ਲਾਇਬ੍ਰੇਰੀ ਸਾਇੰਸ ਦੀਆਂ 9 ਵਿਦਿਆਰਥਣਾਂ ਨੇ ਕਾਲਜ ਲਾਇਬ੍ਰੇਰੀ ਵਿੱਚ ਪ੍ਰੈਕਟੀਕਲ ਕੰਮਾਂ ਦੀ ਟਰੇਨਿੰਗ ਹਾਸਿਲ ਕੀਤੀ ਜੋ ਕਿ ਉਹਨਾਂ ਨੂੰ ਅੱਗੇ ਜਾ ਕੇ ਕਿਸੇ ਵੀ ਸੰਸਥਾ ਵਿੱਚ ਨੌਕਰੀ ਲੈਣ ਲਈ ਸਹਾਈ ਹੁੰਦੀ ਹੈ।

## ❖ **ਹੋਸਟਲ**

ਕਾਲਜ ਵਿੱਚ ਦੂਰ-ਦੁਰਾਡੇ ਤੋਂ ਆਉਣ ਵਾਲੀਆਂ ਵਿਦਿਆਰਥਣਾਂ ਦੀ ਰਿਹਾਇਸ਼ ਲਈ ਹੋਸਟਲ ਦਾ ਵੀ ਪ੍ਰਬੰਧ ਹੈ ਜਿਸ ਵਿੱਚ 90 ਕਮਰੇ ਉਪਲਬਧ ਹਨ ਅਤੇ ਉਹਨਾਂ ਵਿੱਚ 450 ਵਿਦਿਆਰਥਣਾਂ ਦੇ ਰਹਿਣ ਦਾ ਪ੍ਰਬੰਧ ਹੈ।ਹੋਸਟਲ ਵਿੱਚ ਮੈੱਸ, ਗੁਰੂਦੁਆਰਾ ਸਾਹਿਬ , ਰੀਡਿੰਗ ਹਾਲ , ਟੀ.ਵੀ. ਰੂਮ,

ਮੁੱਢਲੀ ਸਹਾਇਤਾ ਰੂਮ, ਨਰਸ ਦਾ ਕਮਰਾ ਆਦਿ ਉਪਲਬਧ ਹਨ।ਹੋਸਟਲ ਵਿੱਚ ਵਾਸਿੰਗ ਮਸ਼ੀਨਾਂ, ਗੀਜ਼ਰ, RO system, water coolers ਦਾ ਵਿਸ਼ੇਸ਼ ਪ੍ਰਬੰਧ ਹੈ। ਵਿਦਿਆਰਥਣਾਂ ਦੇ ਬੋਧਿਕ ਪ੍ਰਸਾਰ ਲਈ ਸਮੇਂ- ਸਮੇਂ ਸਿਰ ਪ੍ਰਸਾਰ ਭਾਸ਼ਣਾਂ, ਨਾਟਕਾਂ , ਸਭਿਆਚਾਰਕ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।ਮਿਤੀ 10.05.2016 ਨੂੰ Anti –Ragging ਵਿਸ਼ੇ ਤੇ ਲੈਕਚਰ ਕਰਾਇਆ ਗਿਆ।ਮਿਤੀ 15.08.2016 ਨੂੰ ਯਾਦ ਕਰੋ ਕੁਰਬਾਨੀ  ਪ੍ਰੋਗਰਾਮਾਂ ਦੀ ਲੜੀ ਅਧੀਨ ਕੈਂਡਲ ਮਾਰਚ ਕੀਤਾ ਗਿਆ।ਮਿਤੀ 09.04.2016 ਤੋਂ 11.04.2016 ਤੱਕ ਬੜੀ ਸ਼ਰਧਾ ਨਾਲ ਸ਼੍ਰੀ ਅਖੰਡ ਪਾਠ ਕਰਾਇਆ ਗਿਆ ਜਿਸ ਵਿੱਚ ਸਮੂਹ ਸਟਾਫ ਅਤੇ ਬਹੁ ਗਿਣਤੀ ਵਿੱਚ ਵਿਦਿਆਰਥਣਾਂ ਨੇ ਹਾਜ਼ਰੀ ਭਰੀ।

**ਧੰਨਵਾਦ**

ਮੈਂ ਸਾਲਾਨਾ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪ੍ਰੋ. (ਡਾ.) ਕੁਲਬੀਰ ਸਿੰਘ ਢਿੱਲੋਂ ਦਾ ਤਹਿ-ਦਿਲੋਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਆਪਣੀ ਰੁਝੇਵਿਆਂ ਭਰੀ ਜਿੰਦਗੀ ਵਿੱਚੋਂ ਸਮਾਂ ਕੱਢਕੇ ਸਾਨੂੰ ਨਿਵਾਜਿਆ ਹੈ।

ਦੂਰੋਂ ਨੇੜਿਓਂ ਆਏ ਮਹਿਮਾਨ, ਵੱਖ-ਵੱਖ ਨੁਮਾਇੰਦੇ, ਪੱਤਰਕਾਰ ਅਤੇ ਸੁੱਰਖਿਆ ਕਰਮਚਾਰੀ ਸਭ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਮਾਗਮ ਵਿੱਚ ਸ਼ਾਮਿਲ ਹੋ ਕੇ ਸਾਨੂੰ ਨਿਵਾਜਿਆ ਹੈ।

ਮੈਂ ਆਪਣੇ ਕਾਲਜ ਦੇ ਪ੍ਰਧਿਆਪਕ ਮੰਡਲ, ਦਫ਼ਤਰੀ ਸਟਾਫ, ਲੈਬਾਰਟਰੀ ਸਟਾਫ਼ ਅਤੇ ਦਰਜਾ ਚਾਰ ਕਰਮਚਾਰੀਆਂ ਦੀ ਵੀ ਸੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸ਼ਿੱਦਤ ਨਾਲ ਜ਼ਿੰਮੇਵਾਰੀਆਂ ਨਿਭਾਈਆਂ ਹਨ ਅਤੇ ਸਮਾਰੋਹ ਨੂੰ ਸਫ਼ਲ ਬਣਾਇਆ ਹੈ।ਵੱਖ-ਵੱਖ ਖੇਤਰਾਂ ਵਿੱਚ ਇਨਾਮ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਿਸ਼ੇਸ਼ ਤੌਰ ਤੇ ਮੁਬਾਰਕਬਾਦ ਦਿੰਦੀ ਹਾਂ। ਇਸ ਸਮਾਗਮ ਵਿੱਚ ਸ਼ਾਮਿਲ ਹੋਏ ਸਾਰੇ ਪਤਵੰਤੇ ਸੱਜਣਾਂ ਦਾ ਇੱਕ ਵਾਰ ਫਿਰ ਦਿਲੋਂ ਧੰਨਵਾਦ ਕਰਦੀ ਹਾਂ।

ਡਾ. ਚਿਰੰਜੀਵ ਕੌਰ
ਪ੍ਰਿੰਸੀਪਲ